ਟਰੈਕਟਰ

ਦੀ ਵਰਤੋਂ ਤੇ ਸੰਭਾਲ



ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ

PAU/2016/Elec FB/P/06

ਟਰੈਕਟਰ ਦੀ ਵਰਤੋਂ ਤੇ ਸੰਭਾਲ

ਮੂਲ ਲੇਖਕ
ਸੇਵਾ ਰਾਮ ਵਰਮਾ
ਅਤੇ
ਭੀਮ ਸੈਨ ਪਾਠਕ

ਸੋਧਕ
ਮਹੇਸ਼ ਕੁਮਾਰ ਨਾਰੰਗ

ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ

ਪਹਿਲੀ ਵਾਰ	:	ਨਵੰਬਰ 1973 - 1500 ਕਾਪੀਆਂ
ਦੂਸਰੀ ਵਾਰ	:	ਜੂਨ 1975 - 3000 ਕਾਪੀਆਂ
ਤੀਸਰੀ ਵਾਰ	:	ਜਨਵਰੀ 1985 - 3000 ਕਾਪੀਆਂ
ਚੌਥੀ ਵਾਰ	:	ਅਗਸਤ 1999 - 4000 ਕਾਪੀਆਂ
ਪੰਜਵੀਂ ਵਾਰ	:	ਅਕਤੂਬਰ 2013 - 2000 ਕਾਪੀਆਂ
ਛੇਵੀਂ ਵਾਰ	:	ਸਤੰਬਰ 2016 - 2000 ਕਾਪੀਆਂ

(ਸੋਧਿਆ ਹੋਇਆ ਐਡੀਸ਼ਨ)

ISBN : 978-93-86267-05-4

ਸੰਪਾਦਕ

ਡਾ. ਕੇ.ਕੇ. ਗਿੱਲ

ਕੀਮਤ : 15/-

ਛਾਪਕ ਅਤੇ ਪ੍ਰਕਾਸ਼ਕ, ਐਡੀਸ਼ਨਲ ਡਾਇਰੈਕਟਰ (ਸੰਚਾਰ) ਨੇ ਪੀ ਏ ਯੂ ਪ੍ਰਿੰਟਿੰਗ ਪ੍ਰੈਸ, ਲੁਧਿਆਣਾ ਤੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲਈ ਪ੍ਰਕਾਸ਼ਤ ਕੀਤਾ ।

adcomm@pau.edu ਸਤੰਬਰ 2016

ਤਤਕਰਾ

ਭੂਮਿਕਾ

ਇਹ ਬੁਲਿਟਨ ਕਿਸਾਨਾਂ ਨੂੰ ਟਰੈਕਟਰ ਦੀ ਬਣਾਵਟ ਬਾਰੇ ਜਾਣਕਾਰੀ ਦੇਣ ਅਤੇ ਉਸ ਦੀ ਉਚਿਤ ਸਾਂਭ-ਸੰਭਾਲ ਜਿਵੇਂ ਕਿ ਸਰਵਿਸ ਕਰਾਉਣ ਆਦਿ ਬਾਰੇ ਜਾਣੂ ਕਰਵਾਉਣ ਲਈ ਲਿਖਿਆ ਗਿਆ ਹੈ। ਇਸ ਤੋਂ ਇਲਾਵਾ ਇਸ ਵਿੱਚ ਪੰਜਾਬ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵਰਤੇ ਜਾਣ ਵਾਲੇ ਪਹੀਆ ਟਰੈਕਟਰਾਂ ਦੀ ਵਰਤੋਂ ਤੇ ਸੰਭਾਲ ਸੰਬੰਧੀ ਸਾਧਾਰਨ ਸੂਚਨਾ ਵੀ ਦਰਜ ਕੀਤੀ ਗਈ ਹੈ।

ਟਰੈਕਟਰ ਦੀ ਸੰਭਾਲ ਲਈ, ਜਿੱਥੇ ਰੋਜ਼ਾਨਾ ਵਰਤੋਂ ਤੋਂ ਬਾਅਦ ਲੋੜੀਂਦੀ ਸਫ਼ਾਈ ਤੇ ਸਰਵਿਸ ਕਰਨੀ ਜ਼ਰੂਰੀ ਹੈ, ਉਥੇ ਸਮੇਂ ਸਮੇਂ ਕਿਸੇ ਚੰਗੇ ਮਕੈਨਿਕ ਨੂੰ ਦਿਖਾ ਕੇ, ਹਰ ਤਰ੍ਹਾਂ ਦੇ ਨਿੱਕੇ-ਮੋਟੇ ਨੁਕਸ ਠੀਕ ਕਰਵਾਉਣਾ ਤੇ ਸਰਵਿਸ ਕਰਵਾਉਣਾ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਟਰੈਕਟਰ ਦੀ ਕੰਮ ਕਰਨ ਦੀ ਯੋਗਤਾ ਤੇ ਉਮਰ ਵਧ ਜਾਂਦੀ ਹੈ। ਟਰੈਕਟਰ ਤੇ ਉਸ ਦੇ ਕਲ-ਪੁਰਜ਼ਿਆਂ ਦੀ ਥੋੜ੍ਹੇ-ਥੋੜ੍ਹੇ ਵਕਫ਼ੇ ਬਾਅਦ ਬਾਕਾਇਦਾ ਸਰਵਿਸ ਕਰਵਾਉਣੀ ਜ਼ਰੂਰੀ ਹੁੰਦੀ ਹੈ। ਕੁਝ ਟਰੈਕਟਰਾਂ ਦੀ ਅੱਠ-ਦਸ ਘੰਟੇ ਦੀ ਵਰਤੋਂ ਤੋਂ ਬਾਅਦ ਅਤੇ ਕੁਝ ਦੀ ਪੰਜ-ਸੱਤ ਦਿਨਾਂ ਬਾਅਦ ਉਚਿਤ ਸਰਵਿਸ ਕਰਵਾਉਂਦੇ ਰਹਿਣ ਨਾਲ, ਖੇਤਾਂ ਵਿੱਚ ਕੰਮ ਕਰਦਿਆਂ ਟਰੈਕਟਰ ਦੇ ਖ਼ਰਾਬ ਹੋ ਜਾਣ ਦਾ ਡਰ ਘੱਟ ਰਹਿੰਦਾ ਹੈ, ਫ਼ਲਸਰੂਪ ਛੇਤੀ-ਛੇਤੀ ਵੱਡੀ ਮੁਰੰਮਤ ਤੇ ਓਵਰਹਾਲ ਕਰਵਾਉਣ ਦੀ ਲੋੜ ਨਹੀਂ ਪੈਂਦੀ। ਟਰੈਕਟਰ ਦੀ ਵੱਡੀ ਮੁਰੰਮਤ ਕਿਸੇ ਅਜਿਹੀ ਦੁਕਾਨ ਤੋਂ, ਜਿੱਥੇ ਹਰ ਤਰ੍ਹਾਂ ਦਾ ਜ਼ਰੂਰੀ ਸਾਜ਼ੋ-ਸਾਮਾਨ ਤੇ ਸੰਦ-ਔਜ਼ਾਰ ਹੋਣ ਅਤੇ ਚੰਗੇ ਸਿਆਣੇ ਤੇ ਤਜ਼ਰਬੇਕਾਰ ਮਕੈਨਿਕ ਪਾਸੋਂ ਹੀ ਕਰਵਾਉਣੀ ਚਾਹੀਦੀ ਹੈ। ਖ਼ਰੀਦਣ ਵੇਲੇ, ਹਰੇਕ ਟਰੈਕਟਰ ਦੇ ਨਾਲ, ਜੋ 'ਚਾਲਕ-ਨਿਯਮ-ਪੁਸਤਕ' (ਆਪਰੇਟਰਜ਼ ਮੈਨੂਅਲ) ਮਿਲਦੀ ਹੈ, ਉਸ ਵਿੱਚ ਟਰੈਕਟਰ ਦੀ ਵਰਤੋਂ, ਸੰਭਾਲ ਤੇ ਸਰਵਿਸ ਕਰਨ ਬਾਰੇ ਹਰ ਤਰ੍ਹਾਂ ਦੀ ਲੋੜੀਂਦੀ ਜਾਣਕਾਰੀ ਦਰਜ ਹੁੰਦੀ ਹੈ। ਇਸ ਲਈ ਟਰੈਕਟਰ ਮਾਲਕਾਂ ਨੂੰ ਚਾਹੀਦਾ ਹੈ ਕਿ ਟਰੈਕਟਰ ਦੀ ਖਰੀਦ ਕਰਨ ਵੇਲੇ ਵਿਕਰੇਤਾ ਜਾਂ ਏਜੰਸੀ ਵਾਲਿਆਂ ਪਾਸੋਂ ਇਹ 'ਚਾਲਕ ਨਿਯਮ-ਪੁਸਤਕ' ਜਰੂਰ ਲੈ ਲੈਣ। ਟਰੈਕਟਰ-ਨਿਰਮਾਤਾ ਇਹ ਨਿਯਮ-ਪੁਸਤਕ ਕਈ ਨਾਵਾਂ ਹੇਠ ਸਪਲਾਈ ਕਰਦੇ ਹਨ ਜਿਵੇਂ ਕਿ 'ਚਾਲਕ ਹਦਾਇਤ-ਪੁਸਤਕ', 'ਮਾਲਕ ਦੀ ਨਿਯਮ-ਪੁਸਤਕ' 'ਚਲਾਉਣ ਹਦਾਇਤਾਂ ਤੇ ਸੰਭਾਲ ਪੁਸਤਿਕਾ' ਅਤੇ 'ਸਰਵਿਸ-ਪੁਸਤਿਕਾ' ਆਦਿ। ਟਰੈਕਟਰ-ਮਾਲਕ ਨੂੰ ਇਹ ਨਿਯਮ-ਪੁਸਤਕ ਓਨੀ ਦੇਰ ਤੱਕ ਆਪਣੇ ਪਾਸ ਰੱਖਣੀ ਚਾਹੀਦੀ ਹੈ, ਜਿੰਨੀ ਦੇਰ ਤੱਕ ਟਰੈਕਟਰ ਉਸ ਦੇ ਕੋਲ ਹੈ। 'ਚਾਲਕ-ਨਿਯਮ ਪੁਸਤਕ' ਤੋਂ ਇਲਾਵਾ, ਇਕ ਲੌਗ-ਬੁੱਕ ਵੀ ਰੱਖਣੀ ਜ਼ਰੂਰੀ ਹੈ, ਜਿਸ ਵਿੱਚ ਟਰੈਕਟਰ ਕਿੰਨੇ ਘੰਟੇ ਚੱਲਿਆ, ਕਦੋਂ ਉਸ ਦੀ ਸਰਵਿਸ ਹੋਈ

ਆਦਿ ਗੱਲਾਂ ਦਾ ਵੇਰਵਾ ਦਰਜ਼ ਕੀਤਾ ਜਾਵੇ । ਅਜਿਹੀ ਲੌਗ-ਬੁੱਕ ਦਾ ਨਮੂਨਾ ਇਸ ਕਿਤਾਬ ਦੇ ਅਖੀਰ ਵਿੱਚ ਦਿੱਤਾ ਗਿਆ ਹੈ । ਇਹ ਰਿਕਾਰਡ, ਕੁਝ ਜ਼ਰੂਰੀ ਗੱਲਾਂ ਦੀ ਛੇਤੀ ਤੇ ਸੌਖੀ ਪੜਤਾਲ ਕਰਨ ਵਿੱਚ ਕਿਸਾਨ ਦੀ ਸਹਾਇਤਾ ਕਰਦਾ ਹੈ। ਜਿਵੇਂ ਕਿ ਡੀਜ਼ਲ ਤੇਲ ਦੀ ਖਪਤ, ਕਿੰਨੇ ਘੰਟੇ ਕੰਮ ਕੀਤਾ, ਕੀਤੇ ਗਏ ਕੰਮ ਦੀ ਕਿਸਮ, ਖਰਾਬੀਆਂ ਤੇ ਮੁਰੰਮਤ ਦਾ ਵੇਰਵਾ, ਮੁਰੰਮਤ ਆਦਿ ਦਾ ਖਰਚ, ਟਰੈਕਟਰ ਦੀ ਰੋਜ਼ਾਨਾ ਤੇ ਸਮੇਂ-ਸਮੇਂ ਸਰਵਿਸਕਰਵਾਈ ਦਾ ਲੇਖਾ ਜੋਖਾ ਆਦਿ ।


ਹਰੇਕ ਟਰੈਕਟਰ ਵਿੱਚ ਇਕ ਸਮਾਂ-ਮੀਟਰ ਵੀ ਲੱਗਾ ਹੁੰਦਾ ਹੈ, ਜਿਸ ਤੋਂ ਝਟਪਟ ਇਹ ਪਤਾ ਲੱਗ ਜਾਂਦਾ ਹੈ ਕਿ ਟਰੈਕਟਰ ਕਿੰਨੇ ਘੰਟੇ ਚੱਲਿਆ ਹੈ । ਇਸ ਨਾਲ ਠੀਕ ਸਮੇਂ ਤੇ ਸਰਵਿਸ ਕਰਨ ਕਰਵਾਉਣ ਵਿੱਚ ਮਦਦ ਮਿਲਦੀ ਹੈ ।

ਟਰੈਕਟਰ ਦੀਆਂ ਵੱਖ-ਵੱਖ ਪ੍ਰਣਾਲੀਆਂ

ਟਰੈਕਟਰ ਦੀਆਂ ਵੱਖ ਵੱਖ ਪ੍ਰਣਾਲੀਆਂ ਦਾ ਸੰਖੇਪ ਵੇਰਵਾ ਤੇ ਉਨ੍ਹਾਂ ਦੀ ਉਚਿਤ ਸਾਂਭ-ਸੰਭਾਲ ਦੇ ਉਪਾਅ ਹੇਠ ਦਿੱਤੇ ਗਏ ਹਨ :

ਪੌਣ ਸੋਧਕ ਸਿਸਟਮ : ਪੌਣ ਸੋਧਕ ਸਿਸਟਮ ਵਿੱਚ ਮੁੱਖ ਤੌਰ ਤੇ ਪੂਰਵ-ਸੋਧਕ (ਪਰੀ-ਕਲੀਨਰ) ਤੇ ਪੌਣ-ਸੋਧਕ (ਏਅਰ-ਕਲੀਨਰ) ਆਉਂਦੇ ਹਨ । ਕ੍ਰੈਂਕ ਕੇਸ ਬਰੀਦਰ ਦੀ ਸੰਭਾਲ ਨੂੰ ਵੀ ਇਸੇ ਪ੍ਰਣਾਲੀ ਵਿੱਚ ਗਿਣਿਆ ਜਾ ਸਕਦਾ ਹੈ । ਜੇਕਰ ਇਸ ਪ੍ਰਣਾਲੀ ਦੀ ਠੀਕ ਤਰ੍ਹਾਂ ਨਾਲ ਸੰਭਾਲ ਕੀਤੀ ਜਾਵੇ ਤਾਂ ਇਸ ਦੀ ਹਵਾ ਸਾਫ਼ ਕਰਨ ਦੀ ਸਮਰੱਥਾ 95 ਤੋਂ 98% ਹੋ ਸਕਦੀ ਹੈ, ਜਿਸ ਨਾਲ ਇੰਜਨ ਲੰਬੇ ਸਮੇਂ ਤੱਕ ਭਰਪੂਰ ਸ਼ਕਤੀ ਪੈਦਾ ਕਰਦਾ ਹੈ ਅਤੇ ਖ਼ਰਚ ਨੂੰ ਘਟਾਇਆ ਜਾ ਸਕਦਾ ਹੈ ।


ੳ. ਪੂਰਵ-ਸੋਧਕ (ਪਰੀ-ਕਲੀਨਰ) : ਫਾਰਮ 'ਚ ਵਰਤੇ ਜਾਣ ਵਾਲੇ ਸਾਰੇ ਪੌਣ-ਸੋਧਕਾਂ 'ਚ ਗੰਦ-ਮਾਲ ਦੇ ਵੱਡੇ-ਵੱਡੇ ਕਣ ਤੇ ਫ਼ਾਲਤੂ ਮਾਦਾ ਬਾਹਰ ਕੱਢਣ ਲਈ ਪੂਰਵ-ਸੋਧਕ ਲੱਗੇ ਹੁੰਦੇ ਹਨ (ਚਿੱਤਰ 1) । ਪੌਣ-ਗ੍ਰਹਿਣ ਸਟੈਕ ਪੂਰਵ-ਸੋਧਕ ਦੇ ਵੱਖ ਵੱਖ ਹਿੱਸਿਆਂ 'ਚੋਂ ਪੱਤੇ, ਕੱਖ-ਕਣ, ਮਿੱਟੀ ਤੇ ਗੰਦ-ਮੰਦ ਨੂੰ ਉੱਪਰ ਹੀ ਪਲਾਸਟਿਕ ਦੇ ਕੌਲੇ ਵਿੱਚ ਇਕੱਠਾ ਕਰ ਲੈਂਦਾ ਹੈ । ਪਲਾਸਟਿਕ ਦੇ ਕੌਲੇ ਨੂੰ



ਚਿੱਤਰ ਨੰ. 1 : ਟਰੈਕਟਰ ਦਾ ਪੂਰਵ-ਸੋਧਕ

ਹਰ ਰੋਜ਼ ਜਾਂ ਹਫ਼ਤੇ ਵਿੱਚ ਇੱਕ ਵਾਰੀ ਜ਼ਰੂਰ ਚੰਗੀ ਤਰ੍ਹਾਂ ਸਾਫ਼ ਕਰ ਲੈਣਾ ਚਾਹੀਦਾ ਹੈ ਤਾਂ ਜੋ ਸਾਫ਼ ਹਵਾ ਅੰਦਰ ਜਾ ਸਕੇ ।

ਅ. ਪੌਣ-ਸੋਧਕ (ਏਅਰ-ਕਲੀਨਰ) : ਇੱਕ ਆਮ ਟਰੈਕਟਰ, ਸਧਾਰਨ ਹਾਲਤਾਂ ਵਿੱਚ, ਇਕ ਲਿਟਰ ਡੀਜ਼ਲ ਦੀ ਖਪਤ ਪਿੱਛੇ, ਲਗਭਗ 9,000 ਲਿਟਰ ਹਵਾ ਇਸਤੇਮਾਲ ਕਰਦਾ ਹੈ । ਇਸ ਲਈ ਟਰੈਕਟਰ ਦੇ ਠੀਕ-ਠਾਕ ਤੇ ਵਧੀਆ ਕੰਮ ਕਰਨ ਲਈ ਅਤੇ ਲੰਮੀ ਉਮਰ ਲਈ ਪੌਣ-ਸੋਧਕ (ਏਅਰ-ਕਲੀਨਰ) ਦਾ ਰੋਲ ਬਹੁਤ ਮਹੱਤਵਪੂਰਨ ਹੈ । ਤੇਲ ਵਿੱਚ ਧੂੜ-ਮਿੱਟੀ ਮਿਲ ਜਾਣ ਨਾਲ, ਰਗੜ-ਘਸਰ ਪੈਦਾ ਹੁੰਦੀ ਹੈ ਅਤੇ ਜੇ ਪੌਣ-ਸੋਧਕ ਠੀਕ ਕੰਮ ਨਾ ਕਰਦਾ ਹੋਵੇ, ਤਾਂ ਇਸ ਰਗੜ ਕਾਰਨ ਵਾਲ, ਰਿੰਗ, ਪਿਸਟਨ ਤੇ ਲਾਈਨਰ (ਨਾਲੀਆਂ) ਛੇਤੀ ਘਸ ਕੇ ਖ਼ਰਾਬ ਹੋ ਜਾਂਦੇ ਹਨ । ਲਗਪਗ ਸਾਰੇ ਪੌਣ-ਸੋਧਕਾਂ ਉਤੇ, ਸਫ਼ਾਈ ਤੇ ਸਰਵਿਸਿੰਗ ਆਦਿ ਸੰਬੰਧੀ ਹਦਾਇਤਾਂ ਛਪੀਆਂ ਹੋਈਆਂ ਹੁੰਦੀਆਂ ਹਨ । ਚਾਲਕਾਂ ਨੂੰ ਇਨ੍ਹਾਂ ਹਦਾਇਤਾਂ ਤੇ ਅਮਲ ਕਰਨਾ ਚਾਹੀਦਾ ਹੈ ।



ਚਿੱਤਰ ਨੰ. 2 : ਮੋਬਿਲ ਤੇਲ ਵਾਲਾ ਪੌਣ-ਸੋਧਕ

ਅੱਜਕੱਲ੍ਹ ਤਕਰੀਬਨ ਸਾਰੇ ਟਰੈਕਟਰਾਂ 'ਚ ਮੋਬਿਲ ਤੇਲ ਵਾਲਾ ਪੌਣ-ਸੋਧਕ (ਚਿੱਤਰ 2) ਲੱਗਾ ਹੋਇਆ ਹੁੰਦਾ ਹੈ। ਇਸ ਕਿਸਮ ਦੇ ਪੌਣ-ਸੋਧਕ 'ਚ ਬਹੁਮੁਖੀ ਅੰਤਰਗ੍ਰਾਹੀ ਨਾਲੀ ਰਾਹੀਂ ਅੰਦਰ ਦਾਖਲ ਹੋਣ ਵਾਲੀ ਸਾਰੀ ਹਵਾ, ਤੇਲ-ਕਟੋਰੇ ਵਿਚਲੇ ਤੇਲ ਵਿਚੋਂ ਦੀ ਲੰਘਦੀ ਧੂੜ-ਕਣਾਂ ਤੋਂ ਮੁਕਤ ਹੋ ਜਾਂਦੀ ਹੈ। ਕੰਮ-ਕਾਰ ਦੀਆਂ ਹਾਲਤਾਂ ਮੁਤਾਬਕ, 8 ਤੋਂ ਲੈ ਕੇ 60 ਘੰਟੇ ਕੰਮ ਕਰਨ ਪਿਛੋਂ ਤੇਲ ਨੂੰ ਬਦਲਣ ਦੀ ਲੋੜ ਹੁੰਦੀ ਹੈ। ਤੇਲ ਬਦਲਣ ਦੀ ਕਸੌਟੀ ਇਹ ਹੈ ਕਿ ਕਟੋਰੇ ਵਿੱਚ ਧੂੜ ਤੇ ਰਹਿੰਦ-ਖੂੰਹਦ, ਕਿਸੇ ਵੀ ਹਾਲਤ ਵਿੱਚ 5 ਮਿਲੀਮੀਟਰ ਤੋਂ ਨਹੀਂ ਵਧਣੀ ਚਾਹੀਦੀ। ਧੂੜ-ਮਿੱਟੀ ਆਦਿ ਨੂੰ ਖ਼ਤਮ ਕਰਨ ਲਈ 125 ਤੋਂ 150 ਘੰਟੇ ਕੰਮ ਕਰਨ ਪਿਛੋਂ, ਪੌਣ-ਸੋਧਕ ਦੇ ਸਾਰੇ ਵੱਖ ਵੱਖ ਹਿੱਸਿਆਂ ਨੂੰ ਡੀਜ਼ਲ ਨਾਲ ਚੰਗੀ ਤਰ੍ਹਾਂ ਧੋ ਲੈਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਜੇ ਪੌਣ-ਸੋਧਕ ਦੇ ਅੰਦਰਲੀ ਤਾਰ-ਜਾਲੀ ਖ਼ਰਾਬ ਹੋ ਗਈ ਹੋਵੇ ਤਾਂ ਉਸ ਨੂੰ ਵੀ ਬਦਲ ਲੈਣਾ ਚਾਹੀਦਾ ਹੈ। ਕਸਣ ਵਾਲੇ ਕਲੈਂਪ (ਸਿਕੰਜਾ) ਦੀ ਵੀ ਪੂਰੀ ਬਾਕ਼ਾਇਦਗੀ ਨਾਲ ਪਰਖ-ਪੜਤਾਲ ਕਰਦੇ ਰਹਿਣਾ ਚਾਹੀਦਾ ਹੈ ਅਤੇ ਸਾਰੇ ਜੋੜ ਚੰਗੀ ਹਾਲਤ ਵਿੱਚ ਰੱਖਣੇ ਚਾਹੀਦੇ ਹਨ ਤਾਂ ਕਿ ਧੂੜ-ਮਿੱਟੀ ਭਰੀ ਹਵਾ ਅੰਦਰ ਨਾ ਜਾ ਸਕੇ।


ੲ. ਕਰੈਂਕ ਕੇਸ ਬਰੀਦਰ : ਧੂੜ-ਮਿੱਟੀ ਭਰੀ ਹਵਾ, ਕਰੈਂਕ ਕੇਸ ਬਰੀਦਰ ਦੀ ਟੋਪੀ ਰਾਹੀਂ ਵੀ ਟਰੈਕਟਰ ਦੇ ਅੰਦਰ ਜਾ ਸਕਦੀ ਹੈ। ਇਸ ਲਈ ਉਸ ਦੀ ਉਚਿਤ ਸੰਭਾਲ ਕਰਨੀ ਚਾਹੀਦੀ ਹੈ। ਕਰੈਂਕ ਕੇਸ ਬਰੀਦਰ ਦਾ ਕੰਮ ਸੰਪ (ਹੌਦੀ) ਵਿੱਚ ਦਬਾਅ ਨੂੰ ਵਧਣੋਂ ਰੋਕਣਾ ਅਤੇ ਅੰਦਰ ਸਧਾਰਨ ਦਬਾਅ ਕਾਇਮ ਰੱਖਣਾ ਹੈ। ਕਰੈਂਕ ਕੇਸ ਵਿੱਚ ਜਾਣ ਵਾਲੀਆਂ ਗੈਸਾਂ ਨੂੰ ਬਰੀਦਰ ਬਾਹਰ ਕੱਢ ਦਿੰਦਾ ਹੈ। ਬਰੀਦਰ ਅਤੇ ਬਰੀਦਰ ਟੋਪੀ ਨੂੰ ਸਧਾਰਨ ਹਾਲਤਾਂ ਵਿੱਚ 250 ਘੰਟੇ ਬਾਅਦ ਅਤੇ ਜੇ ਧੂੜ-ਮਿੱਟੀ ਜ਼ਿਆਦਾ ਹੋਵੇ ਤਾਂ ਇਸ ਤੋਂ ਵੀ ਪਹਿਲਾਂ, ਮਿੱਟੀ ਦੇ ਤੇਲ ਵਿੱਚ ਚੰਗੀ ਤਰ੍ਹਾਂ ਧੋ ਲੈਣਾ ਚਾਹੀਦਾ ਹੈ। ਬਰੀਦਰ ਤੇ ਟੋਪੀ ਨੂੰ ਚੰਗੀ ਤਰ੍ਹਾਂ ਧੋ ਲੈਣ ਤੋਂ ਬਾਅਦ, ਫਾਲਤੂ ਘੋਲਕ ਨੂੰ, ਟੋਪੀ ਨੂੰ ਜ਼ੋਰ-ਜ਼ੋਰ ਦੀ ਏਧਰ-ਓਧਰ ਘੁਮਾ ਕੇ ਹਿਲਾ ਲੈਣਾ ਚਾਹੀਦਾ ਹੈ ਅਤੇ ਬਰੀਦਰ ਨੂੰ ਇਕ ਵਾਰ ਮੁੜ ਤੇਲ ਦੇ ਦੇਣਾ ਚਾਹੀਦਾ ਹੈ 'ਚਾਲਕ ਨਿਯਮ-ਪੁਸਤਕ' ਵਿੱਚ ਦਿੱਤੀਆਂ ਗਈਆਂ ਹਦਾਇਤਾਂ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਅਸਲ ਵਿੱਚ ਬਰੀਦਰ-ਟੋਪੀ ਤੋਂ ਬਗੈਰ, ਟਰੈਕਟਰ ਕਿਸੇ ਵੀ ਹਾਲਤ ਵਿੱਚ ਨਹੀਂ ਚਲਾਉਣਾ ਚਾਹੀਦਾ।

ਫਿਊਲ-ਸਿਸਟਮ

ਡੀਜ਼ਲ-ਟਰੈਕਟਰ ਦੇ ਫਿਊਲ-ਸਿਸਟਮ 'ਚ ਡੀਜ਼ਲ-ਟੈਂਕੀ, ਡੀਜ਼ਲ-ਨਾਲੀ ਡੀਜ਼ਲ-ਫੀਡਪੰਪ, ਡੀਜ਼ਲ-ਫਿਲਟਰ, ਡੀਜ਼ਲ ਭਰਨ ਵਾਲਾ ਪੰਪ ਅਤੇ ਇੰਜੈੱਕਟਰ ਆਦਿ ਸ਼ਾਮਲ ਹੁੰਦੇ ਹਨ (ਚਿੱਤਰ 3)।ਧੂੜ-ਮਿੱਟੀ, ਪਾਣੀ ਜਾਂ ਕਿਸੇ ਹੋਰ ਚੀਜ਼ ਦੇ ਟੈਂਕੀ ਵਿੱਚ ਪੈ ਜਾਣ ਨਾਲ, ਡੀਜ਼ਲ ਖ਼ਰਾਬ ਨਾ ਹੋਵੇ, ਇਸ ਲਈ ਡੀਜ਼ਲ ਟੈਂਕੀ ਦਾ ਬਹੁਤ ਧਿਆਨ ਰੱਖਣਾ ਚਾਹੀਦਾ ਹੈ।

ਡੀਜ਼ਲ ਟੈਂਕੀ ਦੀ ਸੰਭਾਲ ਲਈ ਧਿਆਨ ਦੇਣ ਯੋਗ ਗੱਲਾਂ :


* 500 ਘੰਟੇ ਕੰਮ ਕਰ ਚੁੱਕਣ ਤੋਂ ਬਾਅਦ ਟੈਂਕੀ ਵਿਚੋਂ ਸਾਰਾ ਡੀਜ਼ਲ ਬਾਹਰ ਕੱਢ ਕੇ, ਉਸ ਨੂੰ ਚੰਗੀ ਤਰ੍ਹਾਂ ਸਾਫ਼ ਕਰ ਲੈਣਾ ਚਾਹੀਦਾ ਹੈ। ਇਸ ਲਈ ਟੈਂਕੀ ਨੂੰ ਆਪਣੀ ਥਾਂ ਤੋਂ ਹਟਾਉਣ ਦੀ ਲੋੜ ਵੀ ਪੈ ਸਕਦੀ ਹੈ।
* ਡੀਜ਼ਲ ਟੈਂਕੀ ਵਿੱਚ ਡੀਜ਼ਲ ਦਿਨ ਭਰ ਦੇ ਕੰਮ-ਕਾਰ ਤੋਂ ਬਾਅਦ, ਸ਼ਾਮ ਨੂੰ ਹੀ ਪਾਉਣਾ ਚਾਹੀਦਾ ਹੈ ਕਿਉਂਕਿ ਟੈਂਕੀ ਦੇ ਖਾਲੀ ਹੋਣ ਜਾਂ ਪੂਰੀ ਤਰ੍ਹਾਂ ਭਰੀ ਹੋਈ ਨਾ ਹੋਣ ਕਾਰਨ, ਰਾਤ ਸਮੇਂ, ਉਸ ਵਿਚਲੀ ਹਵਾ ਦੇ ਠੰਡੀ ਹੋ ਜਾਣ ਨਾਲ ਨਮੀ ਪੈਦਾ ਹੋ ਜਾਂਦੀ ਹੈ। ਜੋ ਪਾਣੀ ਦੇ ਰੂਪ ਵਿੱਚ ਡੀਜ਼ਲ ਨਾਲ ਮਿਲ ਜਾਂਦੀ ਹੈ। ਜਿਸ ਨਾਲ ਟਰੈਕਟਰ ਦੇ ਕੰਮ ਕਰਨ ਦੀ ਸ਼ਕਤੀ ਘਟਦੀ ਹੈ ਅਤੇ ਡੀਜ਼ਲ ਧੱਕੂ ਪੰਪ ਅਤੇ ਨੋਜ਼ਲਾਂ ਜਲਦੀ ਖਰਾਬ ਹੋ ਜਾਂਦੀਆਂ ਹਨ।
* ਟੈਂਕੀ ਵਿੱਚ ਡੀਜ਼ਲ, ਇੰਜਣ ਨੂੰ ਬੰਦ ਕਰਕੇ ਹੀ ਪਾਉਣਾ ਚਾਹੀਦਾ ਹੈ।
* ਡੀਜ਼ਲ ਪਾਉਣ ਵੇਲੇ ਸਿਗਰਟ-ਬੀੜੀ ਆਦਿ ਨਹੀਂ ਪੀਣੀ ਚਾਹੀਦੀ।
* ਡੀਜ਼ਲ ਪਾਉਣ ਵੇਲੇ ਟੈਂਕੀ ਦਾ ਢੱਕਣ ਚੰਗੀ ਤਰ੍ਹਾਂ ਕੱਸ ਕੇ ਬੰਦ ਕਰ ਦੇਣਾ ਚਾਹੀਦਾ ਹੈ, ਤਾਂ ਜੋ ਉਸ ਵਿੱਚ ਮਿੱਟੀ-ਘੱਟੇ ਦੇ ਕਣ ਨਾ ਜਾ ਸਕਣ ਅਤੇ ਜਦੋਂ ਟਰੈਕਟਰ ਚੱਲ ਰਿਹਾ ਹੋਵੇ ਤਾਂ ਉਸ ਵਿਚੋਂ ਡੀਜ਼ਲ ਬਾਹਰ ਨਾ ਡੁੱਲ੍ਹੇ।



ਚਿੱਤਰ ਨੰ. 3 : ਡੀਜ਼ਲ ਟਰੈਕਟਰ ਦੀ ਫ਼ਿਊਲ ਪ੍ਰਣਾਲੀ ਦਾ ਰੇਖਾ ਚਿੱਤਰ


ਜਦੋਂ ਟਰੈਕਟਰ ਖੇਤ ਵਿੱਚ ਚੱਲ ਰਿਹਾ ਹੋਵੇ, ਤਾਂ ਪ੍ਰਾਇਮਰੀ ਅਤੇ ਸੈਕੰਡਰੀ ਡੀਜ਼ਲ ਫਿਲਟਰਾਂ ਨੂੰ ਕਦੇ ਵੀ ਖੋਲ੍ਹਣਾ ਨਹੀਂ ਚਾਹੀਦਾ । ਅਜਿਹਾ ਕਰਨ ਨਾਲ ਟਰੈਕਟਰ ਦੇ ਇਨ੍ਹਾਂ ਹਿੱਸਿਆਂ 'ਤੇ ਧੂੜ-ਮਿੱਟੀ ਜੰਮ ਜਾਣ ਕਾਰਨ ਡੀਜ਼ਲ-ਪੰਪ ਤੇ ਇੰਜੈੱਕਟਰਾਂ ਦੇ ਖਰਾਬ ਹੋ ਜਾਣ ਦਾ ਡਰ ਰਹਿੰਦਾ ਹੈ । ਡੀਜ਼ਲ-ਇੰਜਣ, ਡੀਜ਼ਲ-ਪੰਪ ਅਤੇ ਇੰਜੈਕਟਰਾਂ ਨਾਲ ਕਦੇ ਵੀ ਬਹੁਤੀ ਛੇੜ-ਛਾੜ ਨਹੀਂ ਕਰਨੀ ਚਾਹੀਦੀ । ਜੇ ਕੋਈ ਸਮੱਸਿਆ ਖੜ੍ਹੀ ਹੋ ਜਾਵੇ, ਤਾਂ ਇਹ ਚੀਜ਼ਾਂ ਲੋੜੀਂਦੀ ਸਰਵਿਸ ਜਾਂ ਮੁਰੰਮਤ ਲਈ, ਡੀਲਰ ਜਾਂ ਕਿਸੇ ਸਿਆਣੇ ਮਕੈਨਿਕ ਪਾਸ ਭੇਜ ਦੇਣੀਆਂ ਚਾਹੀਦੀਆਂ ਹਨ। ਡੀਜਲ-ਪੰਪ ਨੂੰ ਸਰਵਿਸ ਜਾਂ ਮੁਰੰਮਤ ਲਈ ਭੇਜਣ ਲੱਗਿਆਂ, ਵੱਖ-ਵੱਖ ਜੋੜਾਂ ਨੂੰ ਕਿਸੇ ਕੱਪੜੇ ਜਾਂ ਪਲਾਸਟਿਕ ਦੇ ਢੱਕਣ ਨਾਲ ਢੱਕ ਦੇਣਾ ਚਾਹੀਦਾ ਹੈ, ਤਾਂ ਜੋ ਮਿੱਟੀ-ਘੱਟਾ ਨਾ ਬੈਠ ਸਕੇ (ਚਿੱਤਰ 4) । ਮੈਲ-ਕਟੋਰੇ ਦੀ ਪੋਣੀ ਨੂੰ ਕਦੇ-ਕਦੇ ਮਿੱਟੀ ਦੇ ਤੇਲ ਨਾਲ ਧੋ ਲੈਣਾ ਚਾਹੀਦਾ ਹੈ । ਇਉਂ ਕਰਨ ਨਾਲ ਡੀਜ਼ਲ ਠੀਕ-ਠਾਕ ਆਉਂਦਾ ਹੈ, ਰੁਕਦਾ ਨਹੀਂ । ਜੇ ਡੀਜ਼ਲ-ਨਾਲੀਆਂ ਜਾਂ ਉਨ੍ਹਾਂ ਦੇ ਜੋੜਾਂ 'ਚ ਕਿਧਰੇ ਡੀਜ਼ਲ ਚੋਂਦਾ ਹੋਵੇ ਤਾਂ ਛੇਤੀ ਤੋਂ ਛੇਤੀ ਇਨ੍ਹਾਂ ਦੀ ਮੁਰੰਮਤ ਜਾਂ ਇਨ੍ਹਾਂ ਨੂੰ ਬਦਲ ਲੈਣਾ ਚਾਹੀਦਾ ਹੈ ਅਤੇ ਦੇਰ ਬਿਲਕੁਲ ਨਹੀਂ ਕਰਨੀ ਚਾਹੀਦੀ । ਟਰੈਕਟਰ-ਚਾਲਕ ਨੂੰ ਚਾਹੀਦਾ ਹੈ ਕਿ ਡੀਜ਼ਲ-ਪ੍ਰਣਾਲੀ ਨਾਲ ਬਹੁਤੀ ਜਾਂ ਸਮੇਂ ਸਮੇਂ ਤੇ ਛੇੜ ਛਾੜ ਨਾ ਕਰੇ ।

ਫਿਊਲ ਫਿਲਟਰ



ਚਿੱਤਰ ਨੰ. 4 : ਡੀਜ਼ਲ-ਪ੍ਰਣਾਲੀ ਦੇ ਕਿਸੇ ਹਿੱਸੇ ਜਾਂ ਡੀਜ਼ਲ-ਪੰਪ ਨੂੰ ਮੁਰੰਮਤ ਲਈ ਭੇਜਣ ਸਮੇਂ ਨਾਲੀਆਂ ਦੇ ਜੋੜਾਂ ਨੂੰ ਕੱਪੜੇ ਜਾਂ ਪਲਾਸਟਿਕ ਦੇ ਢੱਕਣ ਨਾਲ ਚੰਗੀ ਤਰ੍ਹਾਂ ਢੱਕ ਦਿਓ

ਫਿਊਲ ਇੰਜੈਕਸ਼ਨ ਦੇ ਰਾਹੀਂ ਕੰਮ ਕਰਨ ਲਈ ਡੀਜ਼ਲ ਦੇ ਫ਼ਿਲਟਰਾਂ ਦੀ ਬਹੁਤ ਮਹੱਤਤਾ ਹੈ। ਮਾਈਕੋ ਫਿਊਲ ਫਿਲਟਰਾਂ ਨੂੰ ਇਸ ਤਰ੍ਹਾਂ ਡੀਜ਼ਾਈਨ ਕੀਤਾ ਜਾਂਦਾ ਹੈ ਕਿ ਉਹ ਛੋਟੇ ਛੋਟੇ ਕਣਾਂ ਨੂੰ ਰੋਕਣ ਅਤੇ ਇੰਜੈਕਸ਼ਨ ਪੰਪ ਦੇ ਨਾਜ਼ੁਕ ਹਿੱਸਿਆਂ ਦੀ ਰੱਖਿਆ ਕਰਨ। ਇਸ ਲਈ ਦੋ ਤਰ੍ਹਾਂ ਦੇ ਫਿਲਟਰ ਵਰਤੇ ਜਾਂਦੇ ਹਨ : ਇੱਕ ਪੇਪਰ ਦਾ ਬਣਿਆ ਹੁੰਦਾ ਹੈ ਅਤੇ ਦੂਸਰਾ ਕੱਪੜੇ ਦਾ (ਚਿੱਤਰ 5)।



ਚਿੱਤਰ ਨੰ. 5 : ਦੋ ਸਟੇਜ ਫਿਲਟਰ


ਜੇਕਰ ਸਾਫ਼ ਡੀਜ਼ਲ/ਤੇਲ ਦੀ ਵਰਤੋਂ ਕੀਤੀ ਜਾਵੇ ਅਤੇ ਸਮੇਂ ਸਿਰ ਫਿਲਟਰ ਬਦਲੇ ਜਾਣ ਤਾਂ ਡੀਜ਼ਲ ਧੱਕੂ ਪੰਪ ਅਤੇ ਨੋਜ਼ਲਾਂ ਵਿੱਚ ਪੈਣ ਵਾਲੇ ਨੁਕਸ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ ਅਤੇ ਵਾਧੂ ਖ਼ਰਚ ਤੋਂ ਵੀ ਬਚਿਆ ਜਾ ਸਕਦਾ ਹੈ। ਡੀਜ਼ਲ ਧੱਕੂ ਪੰਪ ਵਿੱਚ ਮੋਬਿਲ ਆਇਲ ਹਫ਼ਤੇ ਵਿੱਚ ਇਕ ਵਾਰੀ ਜ਼ਰੂਰ ਦੇਖਣਾ ਚਾਹੀਦਾ ਹੈ।

ਡੀਜ਼ਲ ਧੱਕੂ ਪੰਪ ਨੂੰ ਮੁਰੰਮਤ ਲਈ ਭੇਜਣ ਸਮੇਂ ਨਾਲੀਆਂ ਦੇ ਜੋੜਾਂ ਨੂੰ ਕੱਪੜੇ ਨਾਲ ਚੰਗੀ ਤਰ੍ਹਾਂ ਢੱਕ ਦੇਣਾ ਚਾਹੀਦਾ ਹੈ ।


ਡੀਜ਼ਲ ਤੇਲ ਦੀ ਵਰਤੋਂ ਤੇ ਸੰਭਾਲ

ਤੇਲ (ਡੀਜ਼ਲ) ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ, ਉਸ ਦੀ ਵਰਤੋਂ ਤੇ ਸੰਭਾਲ ਬਹੁਤ ਧਿਆਨ ਨਾਲ ਕਰਨ ਦੀ ਲੋੜ ਹੁੰਦੀ ਹੈ । ਡੀਜ਼ਲ-ਤੇਲ ਦੇ ਉਚਿਤ ਰੱਖ-ਰਖਾਉ ਤੇ ਸਟੋਰ ਕਰਨ ਬਾਰੇ ਕੁਝ ਜ਼ਰੂਰੀ ਗੱਲਾਂ ਹੇਠਾਂ ਦਰਜ਼ ਕੀਤੀਆਂ ਜਾਂਦੀਆਂ ਹਨ :

1. ਸਟੋਰ ਵਿੱਚ ਰੱਖੇ ਡੀਜ਼ਲ ਦੇ ਨੇੜੇ ਸਿਗਰਟ-ਬੀੜੀ ਆਦਿ ਨਾ ਜਲਾਈ ਜਾਵੇ ਅਤੇ ਨਾ ਹੀ ਅੱਗ ਬਾਲੀ ਜਾਵੇ, ਕਿਉਂਕਿ ਇਹ ਬਹੁਤ ਛੇਤੀ ਅੱਗ ਫੜ ਲੈਂਦਾ ਹੈ ।
2. ਤੇਲ ਨੂੰ ਸਟੋਰ ਕਰਕੇ ਰੱਖਣ ਵਾਲੇ ਢੋਲਾਂ-ਪੀਪਿਆਂ ਨੂੰ ਅੰਦਰੋਂ ਰੰਗ-ਰੋਗਨ ਨਹੀਂ ਕਰਨਾ ਚਾਹੀਦਾ, ਕਿਉਂਕਿ ਰੰਗ-ਰੋਗਨ ਨਾਲ ਡੀਜ਼ਲ ਵੀ ਖ਼ਰਾਬ ਹੋ ਜਾਂਦਾ ਹੈ ਅਤੇ ਡੀਜ਼ਲ ਪਾਉਣ ਵਾਲੇ ਹੋਰ ਬਰਤਨ ਵਗੈਰਾ ਵੀ ।
3. ਤੇਲ ਸਿਸਟਮ ਦੇ ਕਿਸੇ ਵੀ ਹਿੱਸੇ ਜਾਂ ਤੇਲ ਵਾਲੇ ਕਿਸੇ ਵੀ ਭਾਂਡੇ ਨੂੰ ਅੰਦਰੋਂ, ਰੂੰਦਾਰ ਜਾਂ ਬੂਰ ਵਾਲੇ ਕੱਪੜੇ ਨਾਲ ਸਾਫ਼ ਨਹੀਂ ਕਰਨਾ ਚਾਹੀਦਾ, ਕਿਉਂਕਿ ਇਸ ਤਰ੍ਹਾਂ ਕਰਨ ਨਾਲ ਰੂੰ ਜਾਂ ਬੂਰ ਆਦਿ ਦੇ ਤੇਲ ਲਾਈਨ ਵਿੱਚ ਫਸ ਜਾਣ ਅਤੇ ਤੇਲ ਦੇ ਰੁਕ ਜਾਣ ਦਾ ਡਰ ਰਹਿੰਦਾ ਹੈ ।
4. ਤੇਲ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ, ਉਸ ਨੂੰ ਸਟੋਰ ਕਰਨ ਅਤੇ ਟੈਂਕੀ ਨੂੰ ਭਰਨ ਦਾ ਕੰਮ ਬੜੀ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ । ਕਿਸਾਨ ਵੀਰ ਆਮ ਤੌਰ ਤੇ ਤੇਲ ਨੂੰ ਢੋਲਾਂ ਜਾਂ ਡਰੰਮਾਂ ਆਦਿ 'ਚ ਪਾ ਕੇ ਰੱਖਦੇ ਹਨ । ਟਰੈਕਟਰ ਆਦਿ ਵਿੱਚ ਤੇਲ ਪਾਉਣ ਲਈ, ਢੋਲਾਂ ਵਿਚੋਂ ਪਹਿਲਾਂ ਕੁੱਪੇ ਜਾਂ ਡੱਬੇ ਨਾਲ ਤੇਲ ਕੱਢਣ ਦੀ ਬਜਾਏ ਤੇਲ ਕੱਢਣ ਵਾਲੇ ਪੰਪ ਨੂੰ (ਚਿੱਤਰ 6) ਇਸਤੇਮਾਲ ਕਰਨ ਨਾਲ ਤੇਲ ਸਿੱਧਾ ਟਰੈਕਟਰ ਦੀ ਟੈਂਕੀ 'ਚ ਭਰਿਆ ਜਾ ਸਕਦਾ ਹੈ ਅਤੇ ਇਸ ਤੇਲ ਦੇ ਖ਼ਰਾਬ ਹੋਣ ਦਾ ਡਰ ਨਾਲ ਵੀ ਨਹੀਂ ਰਹਿੰਦਾ । ਇਹ ਪੰਪ ਬੜਾ ਸਾਧਾਰਨ ਤੇ ਸਸਤਾ ਹੁੰਦਾ ਹੈ ਅਤੇ ਹੱਥ ਨਾਲ ਹੀ ਚਲਾਇਆ ਜਾ ਸਕਦਾ ਹੈ ।
5. ਢੋਲਾਂ ਵਿੱਚ ਤੇਲ ਨੂੰ ਖ਼ਰਾਬ ਹੋਣ ਤੋਂ ਬਚਾਅ ਕੇ ਰੱਖਣ ਦਾ ਇੱਕ ਹੋਰ ਢੰਗ ਚਿੱਤਰ ਨੰਬਰ 7 ਵਿੱਚ ਦਰਸਾਇਆ ਗਿਆ ਹੈ । ਇਸ ਢੰਗ ਮੁਤਾਬਕ ਢੋਲਾਂ ਨੂੰ ਸਟੈਂਡ 'ਤੇ ਤਕਰੀਬਨ-ਤਕਰੀਬਨ ਲੰਮੇ-ਰੁਖ਼ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਕਿ ਨਿਕਾਸ ਮੋਰੀ ਵਾਲਾ ਪਾਸਾ, ਦੂਸਰੇ ਪਾਸੇ ਨਾਲੋਂ ਥੋੜ੍ਹਾ ਕੁ ਉੱਚਾ ਰਹੇ। ਜਿਸ ਨਾਲ ਤੇਲ ਵਿਚਲੀ ਮੈਲ ਤੇ ਰਹਿੰਦ-ਖੂੰਹਦ ਅਤੇ ਢੋਲ ਦੇ ਅੰਦਰ ਬੁਖ਼ਾਰਾਤ ਦੇ ਜਮਾਅ ਕਾਰਨ ਬਣਨ ਵਾਲਾ ਪਾਣੀ ਆਦਿ, ਢੋਲ ਦੇ ਥੱਲੇ ਬਣੇ ਇੱਕ ਕੋਨੇ ਵਿੱਚ ਜਮ੍ਹਾ ਹੋ ਜਾਣ ।



ਚਿੱਤਰ ਨੰ. 6 : ਡਾਇਫ਼ਾਰਮ ਕਿਸਮ ਦਾ ਫਿਊਲ ਭਰਨ ਵਾਲਾ ਪੰਪ




ਚਿੱਤਰ ਨੰ. 7 : ਢੋਲਾਂ ਵਿੱਚ ਫਿਊਲ ਸਟੋਰ ਕਰਨਾ

ਠੰਡਾ ਕਰਨ ਵਾਲੀ ਪ੍ਰਣਾਲੀ

ਵਧੀਆ ਕੰਮ ਅਤੇ ਤੇਲ ਦੇ ਘੱਟ ਖਰਚ ਲਈ ਇੰਜਣ ਨੂੰ ਅਨੁਕੂਲਤਮ ਤਾਪਮਾਨ ਤੇ ਚਲਾਉਣਾ ਚਾਹੀਦਾ ਹੈ। ਇੰਜਣ ਨੂੰ ਕਦੇ ਵੀ ਨਾ ਬਹੁਤੇ ਜ਼ਿਆਦਾ ਅਤੇ ਨਾ ਬਹੁਤੇ ਘੱਟ ਤਾਪਮਾਨ ਤੇ ਚਲਾਉ। ਬਹੁਤ ਘੱਟ ਤਾਪਮਾਨ ਤੇ ਚਲਾਉਣ ਨਾਲ ਅਣਜਲਿਆ ਤੇਲ ਸੰਪ (ਚਲ੍ਹੇ) ਵਿੱਚ ਚਲੇ ਜਾਣ ਦਾ ਡਰ ਰਹਿੰਦਾ ਹੈ ਅਤੇ ਇਸ ਨਾਲ ਕਰੈਂਕ-ਕੇਸ ਤੇਲ ਪਤਲਾ ਹੋ ਜਾਂਦਾ ਹੈ, ਇਸ ਦੇ ਉਲਟ ਜੇ ਇੰਜਣ ਨੂੰ ਬਹੁਤ ਜ਼ਿਆਦਾ ਤਾਪਮਾਨ ਤੇ ਚਲਾਇਆ ਜਾਵੇ, ਤਾਂ ਇੰਜਣ ਦੇ ਮੋਖੇ ਅਤੇ ਸਲੰਡਰ ਬਲਾਕ ਦੇ ਫਟਣ ਜਾਂ ਕੜਕਣ ਦਾ ਖ਼ਤਰਾ ਰਹਿੰਦਾ ਹੈ। ਡੀਜ਼ਲ-ਇੰਜਣ ਲਈ ਅਨੁਕੂਲਤਮ ਸੀਤਕ-ਤਾਪਮਾਨ 85 ਤੋਂ 90 ਦਰਜੇ ਸੈਂਟੀਗ੍ਰੇਡ ਹੈ। ਟਰੈਕਟਰ ਦੇ ਇੰਜਣਾਂ 'ਚ ਦੋ ਤਰ੍ਹਾਂ ਦੀਆਂ ਠੰਡਿਆਉਣ-ਪ੍ਰਣਾਲੀਆਂ ਵਰਤੀਆਂ ਜਾਂਦੀਆਂ ਹਨ, ਇੱਕ ਹਵਾ ਨਾਲ ਠੰਡਾ ਕਰਨ ਦੀ ਪ੍ਰਣਾਲੀ, ਦੂਸਰੀ ਪਾਣੀ ਨਾਲ ਠੰਡਾ ਕਰਨ ਦੀ ਪ੍ਰਣਾਲੀ।

ਪਾਣੀ ਨਾਲ ਠੰਡਾ ਕਰਨ ਵਾਲੀ ਪ੍ਰਣਾਲੀ : ਪਾਣੀ ਜਾਂ ਕੁਲੈਂਟ ਨਾਲ ਠੰਡਾ ਕਰਨ ਵਾਲੀ ਪ੍ਰਣਾਲੀ ਵਿੱਚ ਇੱਕ ਰੇਡੀਏਟਰ (ਵਿਕੀਰਕ), ਇੱਕ ਜਲ-ਜੈਕਿਟ, ਇੱਕ ਪੱਖਾ, ਪਾਣੀ ਦੀਆਂ ਕੁਝ ਹੌਦੀਆਂ ਤੇ ਇੱਕ ਥਰਮੋਸਟੈਟ (ਤਾਪ ਸਥਾਪੀ) ਹੁੰਦਾ ਹੈ (ਚਿੱਤਰ 8)।




ਚਿੱਤਰ ਨੰ. 8 : ਰੇਡੀਏਟਰ ਰਾਹੀਂ ਪਾਣੀ ਦਾ ਵਹਾਅ

ਜਦੋਂ ਟਰੈਕਟਰ ਚੱਲ ਰਿਹਾ ਹੋਵੇ, ਤਾਂ ਦਿਨ ਵਿੱਚ ਘੱਟੋ-ਘੱਟ ਇੱਕ ਵਾਰੀ ਰੇਡੀਏਟਰ ਦਾ ਢੱਕਣ ਜ਼ਰੂਰ ਖੁੱਲ੍ਹਾ ਛੱਡ ਦੇਣਾ ਚਾਹੀਦਾ ਹੈ। ਕਦੇ-ਕਦੇ ਠੰਡਾ ਕਰਨ ਵਾਲੀ ਪ੍ਰਣਾਲੀ ਦੇ ਰੇਡੀਏਟਰ ਨੂੰ ਪਾਣੀ ਵਹਾ ਕੇ ਸਾਫ਼ ਕਰ ਦੇਣਾ ਚਾਹੀਦਾ ਹੈ। ਜੇਕਰ ਕਾਫ਼ੀ ਸਰਦੀ 'ਚ ਰਾਤ ਨੂੰ ਪਾਣੀ ਦੇ ਜੰਮ ਜਾਣ ਦਾ ਡਰ ਹੋਵੇ, ਤਾਂ ਰੇਡੀਏਟਰ 'ਚੋਂ ਰਾਤ

ਨੂੰ ਪਾਣੀ ਕੱਢ ਦੇਣਾ ਚਾਹੀਦਾ ਹੈ ਜਾਂ ਐਂਟੀ ਫਰੀਜ਼ ਨੂੰ ਰੇਡੀਏਟਰ ਵਿੱਚ ਪਾਉ । ਪਾਣੀ ਨਾਲ ਠੰਢੇ ਕੀਤੇ ਜਾਣ ਵਾਲੇ ਲਗਪਗ ਸਾਰੇ ਟਰੈਕਟਰਾਂ 'ਚ ਦਬਾਅ ਠੰਢਿਆਂ ਵਰਤਿਆ ਜਾਂਦਾ ਹੈ, ਇਸ ਲਈ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਜਦੋਂ ਟਰੈਕਟਰ ਚੱਲ ਰਿਹਾ ਹੋਵੇ, ਜਾਂ ਅਜੇ ਗਰਮ ਹੋਵੇ ਤਾਂ ਰੇਡੀਏਟਰ ਦਾ ਢੱਕਣ ਨਾ ਖੋਲ੍ਹਿਆ ਜਾਵੇ। ਇਉਂ ਕਰਨ ਨਾਲ ਗਰਮ ਪਾਣੀ ਇਕਦਮ ਬਾਹਰ ਨਿਕਲ ਆਉਂਦਾ ਹੈ, ਜਿਸ ਨਾਲ ਕੰਮ ਕਰਨ ਵਾਲੇ ਆਦਮੀ ਨੂੰ ਨੁਕਸਾਨ ਦਾ ਡਰ ਰਹਿੰਦਾ ਹੈ । ਰੇਡੀਏਟਰ ਨੂੰ ਕਦੇ ਵੀ ਨੱਕੋ-ਨੱਕ ਨਹੀਂ ਭਰਨਾ ਚਾਹੀਦਾ । ਸਗੋਂ ਟੈਂਕੀ ਵਿੱਚ, ਪਾਣੀ ਦੇ ਗਰਮ ਹੋ ਕੇ ਫ਼ੈਲਣ ਅਤੇ ਭਾਫ਼ ਦੇ ਜਮ੍ਹਾ ਹੋਣ ਲਈ ਕੁਝ ਨਾ ਕੁਝ ਖ਼ਾਲੀ ਥਾਂ ਜ਼ਰੂਰ ਛੱਡਣੀ ਚਾਹੀਦੀ ਹੈ । ਅਸਲ ਵਿੱਚ ਇਸ ਗੱਲ ਦੀ ਲੋੜ ਸਿਰਫ਼ ਉਦੋਂ ਹੀ ਹੁੰਦੀ ਹੈ, ਜਦੋਂ ਕਿ ਰੇਡੀਏਟਰ ਵਿੱਚ ਵਾਧੂ ਪਾਣੀ ਦੀ ਪਾਈਪ ਨਾ ਲੱਗੀ ਹੋਵੇ । ਰੇਡੀਏਟਰ ਦੇ ਪੰਪਾਂ ਨੂੰ ਕੱਖ-ਕਾਣ ਜਾਂ ਕਿਸੇ ਵੀ ਬਾਹਰਲੀ ਚੀਜ਼ ਤੋਂ ਮੁਕਤ ਰੱਖਣ ਲਈ, ਕਦੇ-ਕਦੇ ਉਸ ਨੂੰ ਸਾਫ਼ ਕਰ ਲੈਣਾ ਚਾਹੀਦਾ ਹੈ, ਤਾਂ ਜੋ ਉਸ ਦੀ ਠੰਢਾ ਕਰਨ ਦੀ ਯੋਗਤਾ ਵਿੱਚ ਕਮੀ ਨਾ ਹੋਵੇ । ਜੇ ਰੇਡੀਏਟਰ-ਜੈਕਿਟ ਤੋਂ ਪੇਪੜੀਆਂ ਜਾਂ ਚੰਘੜੀਆਂ ਜਿਹੀਆਂ ਲੱਭਣ ਲੱਗ ਪੈਣ ਤਾਂ ਉਸ ਨੂੰ ਫਾਰਮਐਲਡਿਹਾਇਡ ਅਤੇ ਮਿਊਰੀਐਟਿਕ ਐਸਿਡ (ਲੂਣ ਦਾ ਤੇਜ਼ਾਬ) 1 ਅਤੇ 5 ਦੇ ਹਿਸਾਬ ਨਾਲ ਮਿਲਾ ਕੇ ਤਿਆਰ ਕੀਤੇ ਘੋਲ ਨਾਲ ਧੋ ਲੈਣਾ ਚਾਹੀਦਾ ਹੈ ਪਰ ਧੋਣ ਲੱਗਿਆਂ ਬਹੁਤ ਧਿਆਨ ਰੱਖਣਾ ਚਾਹੀਦਾ ਹੈ, ਕਿਉਂਕਿ ਘੋਲ ਬਹੁਤ ਜ਼ਹਿਰੀਲਾ ਹੁੰਦਾ ਹੈ ।

ਵਾਟਰ ਪੰਪ ਬੇਅਰਿੰਗ ਤੋਂ ਹੱਦੋਂ ਵੱਧ ਕੰਮ ਨਹੀਂ ਲੈਣਾ ਚਾਹੀਦਾ । ਜਦੋਂ ਪੰਪ ਵਿਚੋਂ ਗਰਮ ਪਾਣੀ ਲੰਘ ਰਿਹਾ ਹੋਵੇ, ਤਾਂ ਉਸ ਨੂੰ ਜ਼ਿਆਦਾ ਨਾ ਪਿਘਲਣ ਦਰਜੇ ਵਾਲੀ ਗਰੀਜ਼ ਲਾ ਦੇਣੀ ਚਾਹੀਦੀ ਹੈ । ਜਦੋਂ ਕਦੇ ਲੋੜ ਪਏ ਤਾਂ ਪੱਖੇ ਦੀ ਬੈਲਟ ਦਾ ਕਸਾਅ ਠੀਕ ਕਰ ਲੈਣਾ ਚਾਹੀਦਾ ਹੈ । ਬੈਲਟ ਦੀ ਢਿੱਲ ਕਦੇ ਵੀ 18 ਮਿਲੀਮੀਟਰ ਤੋਂ ਵੱਧ (ਚਿੱਤਰ 9) ਨਹੀਂ ਹੋਣੀ ਚਾਹੀਦੀ । ਜੇ ਬੈਲਟ ਜ਼ਿਆਦਾ ਘਸ ਜਾਏ ਜਾਂ ਪੁਰਾਣੀ ਹੋ ਜਾਏ, ਤਾਂ ਉਸ ਨੂੰ ਝਟਪਟ ਬਦਲ ਲਓ, ਤਾਂ ਜੋ ਪੱਖੇ ਦੀ ਕੰਮ ਕਰਨ ਦੀ ਸੁਯੋਗਤਾ ਨਾ ਘਟੇ ।

ਅੱਜਕੱਲ੍ਹ ਸਾਰੇ ਪਾਣੀ ਸੀਤਕ ਟਰੈਕਟਰ ਦੀ ਠੰਢਿਆਉਣ ਪ੍ਰਣਾਲੀ 'ਚ ਤਾਪ ਸਥਾਈ (ਥਰਮੋਸਟੈਟ) ਵਾਲਵ ਵਰਤਿਆ ਜਾਂਦਾ ਹੈ । ਇਹ ਵਾਲਵ ਪਾਣੀ ਦੇ ਦਰਜਾ-ਹਰਾਰਤ ਨੂੰ ਠੀਕ ਰੱਖਦਾ ਹੈ ਅਤੇ ਇਹ ਖਾਸ ਤਾਪਮਾਨ ਤੇ ਖੁੱਲ੍ਹਦਾ ਹੈ, ਤਾਂ ਕਿ ਗਰਮ ਪਾਣੀ ਰੇਡੀਏਟਰ ਰਾਹੀਂ ਬਾਹਰ ਵਗ ਜਾਏ । ਜੇ ਟਰੈਕਟਰ ਚੱਲਣ ਲੱਗਿਆਂ ਬਹੁਤ ਗਰਮ ਹੋ ਜਾਂਦਾ ਹੋਵੇ ਜਾਂ ਲੋੜੀਂਦੇ ਤਾਪਮਾਨ ਤੇ ਨਾ ਚੱਲਦਾ ਹੋਵੇ, ਤਾਂ ਉਸ ਦੀ ਜਾਂਚ ਪੜਤਾਲ ਕਰ ਲੈਣੀ ਚਾਹੀਦੀ ਹੈ । ਇਹ ਗੱਲ ਦਾ ਪਤਾ ਤਾਪਮਾਨ-ਮਾਪਕ ਦੇ ਨਿਰੀਖਣ ਤੋਂ ਲੱਗ ਸਕਦਾ ਹੈ, ਬਸ਼ਰਤੇ ਕਿ ਸੀਤਕ-ਪ੍ਰਣਾਲੀ ਦੇ ਬਾਕੀ ਦੇ ਸਾਰੇ ਹਿੱਸੇ ਠੀਕ-ਠਾਕ ਕੰਮ ਕਰ ਰਹੇ ਹੋਣ ਅਤੇ ਮਾਪਕ ਵਿੱਚ ਕੋਈ ਨੁਕਸ ਨਾ ਹੋਵੇ ਜਾਂ ਫਿਰ ਥਰਮੋਸਟੇਟ ਵਾਲਵ ਦੇ ਖੁੱਲ੍ਹਣ ਤੇ ਬੰਦ ਹੋਣ ਦੀ ਜਾਂਚ-ਪੜਤਾਲ, ਉਸ ਨੂੰ ਗਰਮ ਪਾਣੀ ਵਿੱਚ ਰੱਖ ਕੇ ਕੀਤੀ ਜਾ ਸਕਦੀ ਹੈ । ਰੇਡੀਏਟਰ



ਚਿੱਤਰ ਨੰ. 9 : ਪੱਖੇ ਦੀ ਬੈੱਲਟ ਦੀ ਢੇਲ ਦੇਖਣ ਦੀ ਵਿਧੀ

ਦਾ ਪਾਣੀ ਇੱਕ ਮਹੀਨੇ ਬਾਅਦ ਜ਼ਰੂਰ ਬਦਲ ਦਿਉ । ਇਸ ਨਾਲ ਇੰਜਣ ਵਿੱਚ ਗੰਦਾ ਮਾਦਾ ਬਾਹਰ ਆ ਜਾਂਦਾ ਹੈ ਅਤੇ ਇੰਜਣ ਨੂੰ ਠੀਕ ਤਾਪਮਾਨ ਵਿੱਚ ਚੱਲਣ ਵਿੱਚ ਸਹਾਇਤਾ ਮਿਲਦੀ ਹੈ ।

ਹਵਾ ਨਾਲ ਠੰਢਾ ਕਰਨ ਵਾਲੀ ਪ੍ਰਣਾਲੀ : ਹਵਾ ਨਾਲ ਠੰਢੇ ਹੋਣ ਵਾਲੇ ਟਰੈਕਟਰਾਂ ਦੀ ਹਾਲਤ 'ਚ ਇੰਜਣ ਨੂੰ ਠੰਡਾ ਕਰਨ ਲਈ ਹਵਾ ਨੂੰ ਘੁਮਾਉਣ ਵਾਲੇ ਪੱਖੇ ਦੀ ਠੀਕ ਦੇਖਭਾਲ ਤੇ ਸੰਭਾਲ ਕਰਨ ਦੀ ਲੋੜ ਹੁੰਦੀ ਹੈ । ਪੱਖੇ ਦੇ ਪੱਟੇ ਵਿੱਚ ਲੋੜ ਤੋਂ ਵੱਧ ਢਿੱਲ ਨਹੀਂ ਹੋਣੀ ਚਾਹੀਦੀ । ਪੱਖੇ ਦੀ ਸ਼ਾਫਟ (ਛੜ) ਨੂੰ ਜ਼ਿਆਦਾ ਗਰੀਸ ਨਹੀਂ ਦੇਣੀ ਚਾਹੀਦੀ, ਨਹੀਂ ਤਾਂ ਪੱਤਰਿਆਂ ਦੇ ਅੜ ਜਾਣ ਦਾ ਡਰ ਰਹਿੰਦਾ ਹੈ । ਪੱਖੇ ਨੂੰ ਕਦੇ-ਕਦੇ, ਖੂਬ ਚੰਗੀ ਤਰ੍ਹਾਂ ਸਾਫ਼ ਕਰ ਲੈਣਾ ਚਾਹੀਦਾ ਹੈ ਅਤੇ ਮਿੱਟੀ-ਘੱਟਾ ਤੇ ਤੇਲ ਆਦਿ ਲਾਹ ਦੇਣਾ ਚਾਹੀਦਾ ਹੈ । ਇੰਜਣ-ਹੈਡ ਤੇ ਲਾਈਨਰਜ਼ ਉੱਪਰ ਲੱਗੇ ਖੰਭੜਿਆਂ ਨੂੰ ਵੀ ਖੁਸ਼ਕ ਤੇ ਸਾਫ਼ ਰੱਖਣਾ ਚਾਹੀਦਾ ਹੈ । ਉਨ੍ਹਾਂ ਵਿੱਚ ਕੱਖ-ਕਾਣ ਆਦਿ ਨਹੀਂ ਫਸਣਾ ਚਾਹੀਦਾ । ਇਸ ਸਿਲਸਿਲੇ 'ਚ ਉਦੋਂ ਖ਼ਾਸ ਖਿਆਲ ਰੱਖਣਾ ਚਾਹੀਦਾ ਹੈ, ਜਦ ਕਿ ਟਰੈਕਟਰ ਨਾਲ ਗਹਾਈ ਆਦਿ ਕਰਨੀ ਹੋਵੇ । ਗਹਾਈ ਕਰਨ ਵੇਲੇ ਇੰਜਣ ਠੰਡਾ ਕਰਨ ਵਾਲੀਆਂ ਖੰਭੜਿਆਂ ਤੇ ਬਹੁਤ ਛੇਤੀ ਮਿੱਟੀ-ਘੱਟਾ ਜੰਮ ਜਾਂਦਾ ਹੈ ਅਤੇ ਇੰਜਣ ਜ਼ਿਆਦਾ ਗਰਮ ਹੋ ਜਾਂਦਾ ਹੈ ।

ਲੁਬਰੀਕੇਸ਼ਨ ਸਿਸਟਮ

ਲੁਬਰੀਕੇਸ਼ਨ ਸਿਸਟਮ ਵਿੱਚ, ਟਰੈਕਟਰ ਦੇ ਵੱਖ ਵੱਖ ਹਿੱਸਿਆਂ, ਭਾਗਾਂ ਤੇ ਕਲਪੁਰਜ਼ਿਆਂ ਨੂੰ ਤੇਲ ਅਤੇ ਗਰੀਸ ਦੇਣ ਦਾ ਕੰਮ ਸ਼ਾਮਲ ਹੈ ਜਿਵੇਂ ਕਿ ਬੇਅਰਿੰਗ ਗੀਅਰ (ਗਰਾਰੀ), ਹਾਈਡਰੋਲਿਕ ਸਿਸਟਮ, ਟਰੈਕਟਰ ਦੇ ਘੁੰਮਣ ਵਾਲੇ ਭਾਗ ਆਦਿ । ਲੁਬਰੀਕੇਸ਼ਨ ਦਾ ਮਨੋਰਥ ਦੋ ਨਾਲ ਨਾਲ ਘਸਰਦੇ ਤਲਾਂ ਦੀ ਆਪਸੀ ਰਗੜ ਨੂੰ ਘੱਟ ਕਰਨਾ ਅਤੇ ਪੁਰਜ਼ਿਆਂ ਨੂੰ ਛੇਤੀ ਘਸਣ ਤੋਂ ਬਚਾਉਣਾ ਹੁੰਦਾ ਹੈ ਜਿਵੇਂ ਕਿ ਸ਼ਾਫ਼ਟ ਬੇਅਰਿੰਗਜ਼, ਗੀਅਰ ਆਦਿ । ਇਸ ਤਰ੍ਹਾਂ ਟਰੈਕਟਰ ਦਾ ਚਾਲੂ ਖ਼ਰਚਾ ਅਤੇ ਮੁਰੰਮਤ ਆਦਿ ਦਾ ਖ਼ਰਚਾ ਵੀ ਘੱਟ ਜਾਂਦਾ ਹੈ ।

ਟਰੈਕਟਰ ਦੀ ਵਰਤੋਂ ਤੋਂ ਬਾਅਦ, ਹਰ ਰੋਜ਼ ਬਕਾਇਦਗੀ ਨਾਲ ਅਤੇ ਕਦੇ-ਕਦੇ ਕੁਝ ਚਿਰ ਬਾਅਦ, ਉਸ ਦੇ ਸਾਰੇ ਭਾਗਾਂ ਤੇ ਕਲ-ਪੁਰਜ਼ਿਆਂ ਨੂੰ ਤੇਲ ਅਤੇ ਗਰੀਸ ਦੇਣਾ (ਜਿਵੇਂ ਕਿ ਨਿਯਮ-ਪੁਸਤਕ ਵਿੱਚ ਦੱਸਿਆ ਗਿਆ ਹੈ) ਟਰੈਕਟਰ ਦੀ ਲੰਮੀ ਉਮਰ ਅਤੇ ਉਸ ਦੇ ਠੀਕ ਠਾਕ, ਬਿਨਾਂ ਕਿਸੇ ਨੁਕਸ ਦੇ ਚੱਲਣ ਦੀ ਕੁੰਜੀ ਹੈ। ਏਥੇ ਨਾਲ ਹੀ ਇਸ ਗੱਲ ਤੇ ਵੀ ਜ਼ੋਰ ਦੇਣ ਦੀ ਲੋੜ ਹੈ ਕਿ ਕੇਵਲ ਸਿਫ਼ਾਰਸ਼ਸ਼ੁਦਾ ਦਰਜ਼ੇ ਦੇ ਲੁਬਰੀਕੈਂਟ (ਤੇਲ ਤੇ ਗਰੀਸ ਆਦਿ) ਹੀ ਇਸਤੇਮਾਲ ਕਰੋ । ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਕੁਝ ਘੰਟਿਆਂ ਬਾਅਦ ਗਰੀਸ ਦੇਣ ਦਾ ਮਤਲਬ ਇਹ ਨਹੀਂ ਕਿ ਪਿਛਲੀ ਗਰੀਸ ਬਿਲਕੁਲ ਖ਼ਤਮ ਹੋ ਗਈ ਹੈ ਸਗੋਂ ਸਮੇਂ ਸਮੇਂ ਗਰੀਸ ਦੇਣ ਦੀ ਲੋੜ ਇਸ ਲਈ ਹੁੰਦੀ ਹੈ ਤਾਂ ਕਿ ਕੰਮ ਦੇ ਦੌਰਾਨ ਬੇਅਰਿੰਗਾਂ ਆਦਿ ਵਿੱਚ ਜੋ ਮਿੱਟੀ-ਘੱਟਾ ਤੇ ਮੈਲ ਆਦਿ ਦਾਖਲ ਹੋ ਜਾਂਦੀ ਹੈ, ਉਹ ਚੰਗੀ ਤਰ੍ਹਾਂ ਸਾਫ਼ ਹੋ ਜਾਵੇ। ਜੇ ਇਸ ਮਿੱਟੀ ਘੱਟੇ ਤੇ ਮੈਲ ਦੀ ਸਫ਼ਾਈ ਨਾ ਹੋਵੇ, ਤਾਂ ਬੇਅਰਿੰਗ ਆਦਿ ਛੇੜੀ ਘਸ ਜਾਂਦੇ ਹਨ । ਇਸ ਮਨੋਰਥ ਲਈ ਤੇਲ ਤੇ ਗਰੀਸ ਉਸੇ ਦਰਜ਼ੇ ਦੇ ਵਰਤਣੇ ਚਾਹੀਦੇ ਹਨ, ਜਿਸ ਦੀ ਕਿ ਨਿਰਮਾਤਾ ਨੇ ਮੌਸਮ ਦੇ ਮੁਤਾਬਕ ਸਿਫ਼ਾਰਸ਼ ਕੀਤੀ ਹੋਵੇ। ਸਾਰਣੀ ਨੰਬਰ 1 ਵਿੱਚ ਪੰਜਾਬ ਵਿੱਚ ਆਮ ਵਰਤੇ ਜਾਣ ਵਾਲੇ, ਵੱਖ ਵੱਖ ਕਿਸਮ ਦੇ ਟਰੈਕਟਰਾਂ ਲਈ ਉਚਿਤ ਦਰਜ਼ੇ ਦੇ ਲੁਬਰੀਕੈਂਟਾਂ (ਗਰੀਸ ਅਤੇ ਤੇਲ ਆਦਿ) ਦਾ ਵੇਰਵਾ ਦਿੱਤਾ ਗਿਆ ਹੈ । ਕਿਸਾਨਾਂ ਨੂੰ ਸਫ਼ਾਈ ਲਈ ਭਾਰੇ ਸੋਧਕ ਤੇਲ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਤੇਲ ਦੇ ਵਾਂਗਣ ਅਤੇ ਸਾਫ਼ ਕਰਨ ਦੇ ਗੁਣ ਜ਼ਿਆਦਾ ਸਮੇਂ ਲਈ ਕਾਇਮ ਰਹਿਣ । ਇੰਜਣ-ਸੰਪ (ਚਲ੍ਹਾ) ਵਿਚਲਾ ਤੇਲ ਸਿਰਫ਼ ਉਦੋਂ ਹੀ ਬਾਹਰ ਕੱਢਣਾ ਚਾਹੀਦਾ ਹੈ, ਜਦ ਕਿ ਇੰਜਣ ਗਰਮ ਹੋਵੇ, ਇੰਜਣ ਦਾ ਤੇਲ ਬਦਲੀ ਕਰਨ ਲੱਗਿਆਂ ਕਦੇ ਵੀ ਡੀਜ਼ਲ ਜਾਂ ਮਿੱਟੀ ਦੇ ਤੇਲ ਨਾਲ ਇੰਜਣ ਨੂੰ ਅੰਦਰੋਂ ਸਾਫ਼ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਤੇਲ ਨੀਵੀਆਂ ਥਾਵਾਂ ਤੇ ਬਾਹਰ ਨਹੀਂ ਆਉਂਦਾ । ਨੀਵੇਂ ਤੇਲ ਵਿੱਚ ਮਿਲਣ ਕਰਕੇ ਨਵਾਂ ਤੇਲ ਵੀ ਬਹੁਤ ਜਲਦੀ ਖਰਾਬ ਹੋ ਜਾਂਦਾ ਹੈ ਅਤੇ ਇੰਜਣ ਨੂੰ ਨੁਕਸਾਨ ਪਹੁੰਚ ਸਕਦਾ ਹੈ । ਕੇਵਲ ਜਾਲੀ ਵਾਲੇ ਫਿਲਟਰ ਨੂੰ ਹੀ ਸਾਫ਼ ਕਰਕੇ ਦੁਬਾਰਾ ਵਰਤੋਂ ਜਦਕਿ ਦੂਸਰੇ ਫਿਲਟਰਾਂ ਨੂੰ ਸਾਫ਼ ਕਰਕੇ ਨਹੀਂ ਵਰਤਣਾ ਚਾਹੀਦਾ ਸਗੋਂ ਨਵੇਂ ਫਿਲਟਰ ਦੀ ਵਰਤੋਂ ਕਰਨੀ ਚਾਹੀਦੀ ਹੈ । ਤੇਲ ਫਿਲਟਰਾਂ ਨੂੰ ਸਿਫ਼ਾਰਸ਼ ਕੀਤੇ ਵਕਫ਼ਿਆਂ ਬਾਅਦ, ਮਿੱਟੀ ਦੇ ਤੇਲ ਨਾਲ ਧੋ ਕੇ ਸਾਫ਼ ਕਰ ਲੈਣਾ ਚਾਹੀਦਾ ਹੈ ।

ਸਾਰਣੀ ਨੰ. 1


ਅਲੱਗ-ਅਲੱਗ ਟਰੈਕਟਰਾਂ ਲਈ ਵਰਤੇ ਜਾਣ ਵਾਲੇ ਸਿਫ਼ਾਰਸ਼ ਸ਼ੁਦਾ ਤੇਲਾਂ ਦੇ ਗਰੇਡ ਅਤੇ ਗਰੀਸ਼

ਲੜੀ ਨੰ. ਟਰੈਕਟਰ ਦਾ ਨਾਂ ਮਾਡਲ	ਇੰਜਨ ਗਰਮੀ	ਇੰਜਨ ਸਰਦੀ	ਪੌਣ ਸੋਧਕ ਗਰਮੀ	ਪੌਣ ਸੋਧਕ ਸਰਦੀ	ਡੀਜ਼ਲ ਧਕੂ ਪੰਪ ਗਰਮੀ	ਡੀਜ਼ਲ ਧਕੂ ਪੰਪ ਸਰਦੀ	ਲਿਫ਼ਟ ਗਰਮੀ	ਲਿਫ਼ਟ ਸਰਦੀ	ਰੀਅਰ ਗਰਾਰੀ, ਪੁਲੀ ਤੇ ਸਟੇਰਿੰਗ ਬਕਸਾਂ ਡਿਫ਼ਰੈਂਸ਼ੀਅਲ ਪਿਛਲਾ ਹਿੱਸਾ	ਬੁਸ਼ਾਂ ਜੋੜਾਂ ਤੇ ਲੱਗੇ ਨਿੱਪਲ	ਅਗਲੇ ਚੱਕਿਆਂ ਦੇ ਬੇਰਿੰਗ ਲਈ
	ਐਸ ਏ ਈ	ਐਸ ਏ ਈ	ਐਸ ਏ ਈ	ਐਸ ਏ ਈ	ਐਸ ਏ ਈ	ਐਸ ਏ ਈ	ਐਸ ਏ ਈ	ਐਸ ਏ ਈ	ਐਸ ਏ ਈ/ਈ ਪੀ	ਦਰਮਿਆਨੀ ਗਰੀਜ਼	ਭਾਰੀ ਗਰੀਜ਼
1. ਸਵਰਾਜ 724	40	30	40	30	40	30	90	90	90 “	“	“
2. ਸਵਰਾਜ 735	40	30	40	30	40	30	90	90	90 “	“	“
3. ਸੁਵਰਾਜ 855	40	30	40	30	40	30	90	90	90 “	“	“
4. ਐਚ ਐਮ ਟੀ 2511	40	30	40	30	40	30	90	90	90 “	“	“
5. ਐਚ ਐਮ ਟੀ 3511	40	30	40	30	40	30	90	90	90 “	“	“
6. ਐਚ ਐਮ ਟੀ 5911	40	30	40	30	40	30	90	90	90 “	“	“
7. ਐਸਕੋਰਟ 325	40	30	40	30	40	30	40	40	90 “	“	“
8. ਐਸਕੋਰਟ 335	40	30	40	30	40	30	40	40	90 “	“	“
9. ਐਸਕੋਰਟ 345	40	30	40	30	40	30	40	40	90 “	“	“
10. ਐਸਕੋਰਟ 355	40	30	40	30	40	30	40	40	90 “	“	“
11. ਫੋਰਡ 3600	40	30	40	30	40	30	90	90	90 “	“	“
12. ਫੋਰਡ 3610	40	30	40	30	40	30	90	90	90 “	“	“
13. ਮੈਸੀਫਰੋਗੋਸ਼ਨ 1035	40	30	40	30	40	30	50	50	90 “	“	“
14. ਮੈਸੀਫਰੋਗੋਸ਼ਨ 245	40	30	40	30	40	30	50	50	90 “	“	“
15. ਜੌਨ ਡੀਅਰ 5204	40	30	40	30	40	30	90	90	90 “	“	“
16. ਫਾਰਮਟਰੈਕ 45	40	30	40	30	40	30	90	90	90 “	“	“
17. ਫਾਰਮਟਰੈਕ 60	40	30	40	30	40	30	90	90	90 “	“	“
18. ਮਹਿੰਦਰਾ 275 ਡੀ ਆਈ	40	30	40	30	40	30	30	30	90 “	“	“
19. “ 445 ਡੀ ਆਈ	40	30	40	30	40	30	30	30	90 “	“	“
20. “ ਬੀ 575	40	30	40	30	40	30	30	30	90 “	“	“
21. ਆਈਸ਼ਰ ਗੁਡਅਰਥ 241	40	30	40	30	40	30	30	30	90 “	“	“
22. ਆਈਸ਼ਰ ਗੁਡਅਰਥ ਹੀਰਾ	40	30	40	30	40	30	30	30	90 “	“	“

ਨੋਟ : 1 ਤੋਂ 17 ਤੱਕ ਦੇ ਟਰੈਕਟਰਾਂ ਦਾ ਗੇਅਰ ਬਕਸਾ ਅਤੇ ਲਿਫ਼ਟ ਦਾ ਇਕੱਠਾ ਤੇਲ ।

ਤੇਲ ਫਿਲਟਰ ਕਈ ਤਰ੍ਹਾਂ ਦੇ ਹੁੰਦੇ ਹਨ (ਜਿਵੇਂ ਕਿ ਚਿੱਤਰ ਨੰਬਰ 9 ਵਿੱਚ ਦਰਸਾਇਆ ਗਿਆ ਹੈ)। ਇਨ੍ਹਾਂ ਫਿਲਟਰਾਂ ਵਿਚੋਂ ਕੁਝ ਕੁ ਅਜਿਹੇ ਹਨ।

ਜਿਵੇਂ ਕਿ ਚਿੱਤਰ ਨੰਬਰ 10 ੳ. ਅਤੇ ਅ. ਵਿੱਚ ਜਿਹੜੇ ਫਿਲਟਰ ਦਰਸਾਏ ਗਏ ਹਨ, ਜਿਨ੍ਹਾਂ ਨੂੰ ਮੁੜ ਮੁੜ ਬਦਲਣ ਦੀ ਲੋੜ ਪੈਂਦੀ ਹੈ ਪਰ ਧਾਤ ਦੀ ਪੌਣੀ ਵਾਲਾ ਫਿਲਟਰ ਜਿਵੇਂ ਕਿ ਚਿੱਤਰ ਨੰਬਰ 10 ੲ ਵਿੱਚ ਦਰਸਾਇਆ ਗਿਆ ਹੈ ਨੂੰ ਸਾਫ਼ ਕਰਕੇ ਦੋਬਾਰਾ ਵੀ ਵਰਤਿਆ ਜਾ ਸਕਦਾ ਹੈ। ਤੇਲ ਦੀ ਵਰਤੋਂ ਤੇ ਸੰਭਾਲ ਲਈ ਵਰਤੇ ਜਾਣ ਵਾਲੇ ਡਰੰਮਾਂ ਪੀਪਿਆਂ ਤੇ ਡੱਬਿਆਂ ਨੂੰ ਸਾਫ਼ ਰੱਖਣਾ ਚਾਹੀਦਾ ਹੈ। ਉਨ੍ਹਾਂ ਦੀ ਅੰਦਰਲੀ ਸਤਹਿ ਨੂੰ ਕਦੇ ਵੀ ਰੰਗ ਰੋਗਨ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਉਨ੍ਹਾਂ ਨੂੰ ਅੰਦਰੋਂ ਰੂੰਦਾਰ ਜਾਂ ਬੂਰ ਵਾਲੀਆਂ ਚੀਜ਼ਾਂ ਨਾਲ ਸਾਫ਼ ਕਰਨਾ ਚਾਹੀਦਾ ਹੈ।



ਚਿੱਤਰ ਨੰ. 10 : ਆਮ ਪ੍ਰਚਲਤ ਤੇਲ-ਫ਼ਿਲਟਰ ਦੀਆਂ ਕਿਸਮਾਂ


ਲੁਬਰੀਕੇਟਿੰਗ ਸਿਸਟਮ ਨੂੰ ਵਧੀਆ ਢੰਗ ਨਾਲ ਰੱਖਣ ਬਾਰੇ ਕੁਝ ਜ਼ਰੂਰੀ ਗੱਲਾਂ ਇਹ ਹਨ :

1. ਅਗਲੇ ਪਹੀਏ ਦੇ ਬੇਅਰਿੰਗਾਂ ਨੂੰ ਹਰ ਛੇ ਮਹੀਨੇ ਬਾਅਦ ਸਿਫ਼ਾਰਸ਼ਸ਼ੁਦਾ ਗਰੇਡ ਦੀ ਗਰੀਸ ਲਾਉਣੀ ਚਾਹੀਦੀ ਹੈ।
2. ਵਾਂਙਣ ਵਾਲੀਆਂ ਉਨ੍ਹਾਂ ਥਾਵਾਂ ਨੂੰ ਜਿੱਥੇ ਗਰੀਸ ਨਿੱਪਲ ਲੱਗੇ ਹੋਏ ਹੋਣ, ਬਹੁ ਮੰਤਵੀ ਗਰੀਜ਼ ਨਾਲ ਵਾਂਗਣਾ ਚਾਹੀਦਾ ਹੈ।
3. ਗਰੀਸ ਲਾਉਣ ਤੋਂ ਪਹਿਲਾਂ ਗਰੀਸ ਨਿੱਪਲਾਂ ਨੂੰ ਕਿਸੇ ਸਾਫ਼ ਕੱਪੜੇ ਨਾਲ ਚੰਗੀ ਤਰ੍ਹਾਂ ਸਾਫ਼ ਕਰ ਲੈਣਾ ਚਾਹੀਦਾ ਹੈ।
4. ਸਟੀਅਰਿੰਗ ਗੀਅਰ ਬੌਕਸ ਨੂੰ ਸੰਚਾਰ-ਤੇਲ ਨਾਲ ਵਾਂਙਣਾ ਚਾਹੀਦਾ ਹੈ।

5. ਅਗਲੇ ਪਹੀਏ ਦੇ ਬੇਅਰਿੰਗਾਂ ਨੂੰ ਪੈਕ ਕਰਨ ਲੱਗਿਆਂ, ਗਰੀਸ ਇੱਕ ਪਾਸੇ ਤੋਂ ਲਾਉਣੀ ਚਾਹੀਦੀ ਹੈ ਕਿ ਉਹ ਪੂਰੇ ਦੇ ਪੂਰੇ ਬੇਅਰਿੰਗ 'ਚ ਹੁੰਦੀ ਹੋਈ ਦੂਸਰੇ ਪਾਸਿਉਂ ਬਾਹਰ ਨਿਕਲ ਆਵੇ ।

6. ਮੁੱਖ ਪਿੰਨ ਅਤੇ ਜੋੜਾਂ ਸਮੇਤ ਸਟੀਅਰਿੰਗ ਕਬਜ਼ਿਆਂ ਨੂੰ ਹਰ ਰੋਜ਼ ਹੀ ਗਰੀਸ ਦੇਣ ਦੀ ਲੋੜ ਹੁੰਦੀ ਹੈ । ਇਸ ਨਾਲ ਸਟੀਅਰਿੰਗ ਸਖ਼ਤ ਨਹੀਂ ਹੁੰਦਾ, ਹਲਕਾ ਚੱਲਦਾ ਹੈ ਅਤੇ ਗੈਰ ਜ਼ਰੂਰੀ ਟੁੱਟ ਭੱਜ ਨਹੀਂ ਹੁੰਦੀ ।

7. ਤੇਲ ਤੇ ਗਰੀਸ ਆਦਿ ਨੂੰ ਸਾਫ਼ ਸੁਥਰੇ ਡੱਬਿਆਂ ਵਿੱਚ ਪਾ ਕੇ ਉਨ੍ਹਾਂ ਦੇ ਢੱਕਣ ਲਈ ਬੈਰਿਲ ਪੰਪ ਵਰਤਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ (ਚਿੱਤਰ 11) । ਇਸ ਨਾਲ ਗਰੀਸ ਬਾਹਰਲੇ ਮਿੱਟੀ ਘੱਟੇ ਤੋਂ ਬਚੀ ਰਹਿੰਦੀ ਹੈ ।




ਚਿੱਤਰ ਨੰ. 11 : ਢੋਲਾਂ ਵਿਚੋਂ ਮੋਬਿਲ ਆਇਲ ਕੱਢਣ ਲਈ ਬੈਰਿਲ ਪੰਪ

8. ਟਰੈਕਟਰਾਂ ਦੇ ਨਿਰਮਾਤਾ, ਆਪਣੇ ਬਣਾਏ ਹਰੇਕ ਮਾਡਲ ਤੇ ਮਾਰਕੇ ਦੇ ਟਰੈਕਟਰਾਂ ਲਈ ਵਿਸ਼ੇਸ਼ ਤੌਰ ਤੇ ਤਿਆਰ ਕੀਤੇ ਲੁਬਰੀਕੇਸ਼ਨ ਚਾਰਟ ਵੀ ਨਾਲ ਦਿੰਦੇ ਹਨ। ਟਰੈਕਟਰ ਖ਼ਰੀਦਣ ਲੱਗਿਆਂ ਇਹ ਚਾਰਟ ਜ਼ਰੂਰ ਲੈ ਲੈਣਾ ਚਾਹੀਦਾ ਹੈ । ਨਮੂਨੇ ਦਾ ਇੱਕ ਚਾਰਟ ਚਿੱਤਰ ਨੰਬਰ 12 ਵਿੱਚ ਦਿਖਾਇਆ ਗਿਆ ਹੈ ।

ਬਿਜਲਈ ਪ੍ਰਣਾਲੀ

ਡੀਜ਼ਲ ਨਾਲ ਚੱਲਣ ਵਾਲੇ ਟਰੈਕਟਰ ਦੀ ਬਿਜਲਈ ਪ੍ਰਣਾਲੀ ਵਿੱਚ ਬੈਟਰੀ ਸਟਾਰਟਰ, ਡਾਇਨਮੋ ਅਤੇ ਲਾਈਟਾਂ ਸ਼ਾਮਲ ਹੁੰਦੀਆਂ ਹਨ ।




ਚਿੱਤਰ ਨੰ. 12 : ਟਰੈਕਟਰ ਲਈ ਨਮੂਨੇ ਦਾ ਲੁਬਰੀਕੇਸ਼ਨ-ਚਾਰਟ

1. ਪੱਖਾ 2. ਸਟੀਅਰਿੰਗ-ਕਬਜ਼ੇ 3. ਸਟੀਅਰਿੰਗ ਖਿੱਚ-ਜੋੜ ਅਗਵਾੜਾ 4. ਜੋੜ-ਸੀਖ਼ 5. ਕਲੱਚ ਛੱਡਣ ਵਾਲਾ ਬੇਅਰਿੰਗ 6. ਸਟੀਅਰਿੰਗ ਖਿੱਚ-ਜੋੜ ਪਿਛਵਾੜਾ 7. ਬਰੇਕ ਅਤੇ ਕਲੱਚ ਪੈਡਲ ਸ਼ਾਫ਼ਟ ਐੱਕਸਲ ਦਾ ਬੇਅਰਿੰਗ 9. ਸੰਚਾਰ-ਪੇਟੀ ਵਿੱਚ ਤੇਲ ਭਰਨ ਵਾਲਾ ਪਲੱਗ 10. ਅਗਲੇ ਐੱਕਸਲ ਦੀ ਜੋੜ-ਚੂਲ ਕਿੱਲੀ 11. ਵਾਟਰ-ਪੰਪ ਬੇਅਰਿੰਗ 12. ਅਗਲੇ ਐਕਸਲ ਦੀ ਸਪਰਿੰਗ ਧੁਰੀ 13. ਅਗਲੇ ਐੱਕਸਲ ਦਾ ਬੇਅਰਿੰਗ 14. ਡਾਇਨਮੋ 15. ਕਰੈਂਕ-ਤੇਲ ਤਲ ਮਾਪਕ 16. ਕਰੈਂਕ ਕੇਸ ਪੌਣ ਭਰਨ ਪਾਈਪ 17. ਸੈੱਲਫ-ਸਟਾਟਰ 18. ਅੰਤਿਮ ਕਰੈਂਕ ਤੇਲ-ਤਲ ਡੋਬ ਮਾਪਕ 19. ਸ਼ਕਤੀ ਸੰਚਾਰਨ ਵਾਲੀ ਚਾਲਨ-ਚਰਖ਼ੀ ।

ਬਿਜਲੀ ਪੈਦਾ ਕਰਨ ਵਾਲਾ ਯੰਤਰ (ਡਾਇਨਮੋ ਜਾਂ ਅਲਟਰਨੇਟਰ) ਅਤੇ ਇੰਜਣ ਘੁੰਮਾਉਣ ਵਾਲੀ ਮੋਟਰ (ਸਟਾਰਟਰ)


ਸਾਡੇ ਦੇਸ਼ ਵਿੱਚ ਟਰੈਕਟਰਾਂ ਦੇ ਬਿਜਲੀ ਵਾਲੇ ਯੰਤਰਾਂ ਦੀ ਚੰਗੀ ਦੇਖਭਾਲ ਨਹੀਂ ਕੀਤੀ ਜਾਂਦੀ। ਬੜੀ ਮੁਸ਼ਕਲ ਨਾਲ 20% ਤੋਂ ਵੀ ਘੱਟ ਟਰੈਕਟਰਾਂ ਦੇ ਬਿਜਲੀ ਯੰਤਰ ਠੀਕ ਕੰਮ ਕਰਦੇ ਹਨ। ਬਹੁਤੇ ਟਰੈਕਟਰਾਂ ਦੇ ਇੰਜਣ ਪੁਲੀ ਜਾਂ ਧੱਕੇ ਨਾਲ ਹੀ ਦੁਬਾਰਾ ਚਾਲੂ ਕੀਤਾ ਜਾਂਦਾ ਹੈ। ਇਸ ਨਾਲ ਡੀਜ਼ਲ ਤੇਲ ਦੀ ਖਪਤ ਵਧ ਜਾਂਦੀ ਹੈ ਕਿਉਂ ਜੋ ਇੰਜਣ ਨੂੰ ਦੁਬਾਰਾ ਚਾਲੂ ਕਰਨ ਦੇ ਡਰੋਂ ਇੰਜਣ ਨੂੰ ਬਿਨਾਂ ਕੰਮ ਤੋਂ ਹੀ ਚਾਲੂ ਰੱਖਣਾ ਪੈਂਦਾ ਹੈ। ਬਿਜਲੀ ਪ੍ਰਣਾਲੀ ਨੂੰ ਮੁੱਖ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।

1. ਇੰਜਣ ਨੂੰ ਘੁਮਾਉਣ ਵਾਲੀ ਮੋਟਰ (ਚਿੱਤਰ 13)
2. ਬਿਜਲੀ ਪੈਦਾ ਕਰਨ ਵਾਲਾ ਯੰਤਰ ਜੋ ਬੈਟਰੀ ਦੀ ਸ਼ਕਤੀ ਨੂੰ ਪੂਰਾ ਰੱਖਣ ਵਿੱਚ ਸਹਾਈ ਹੁੰਦਾ ਹੈ (ਚਿੱਤਰ 14)



ਚਿੱਤਰ ਨੰ. 13 : ਸਟਾਰਟਰ

1. ਮੁੱਖ ਹਾਊਸਿੰਗ 2. ਉਵਰਨਿੰਗ ਕਲੱਚ 3. ਆਰਮੇਚਰ 4. ਫੀਲਡ ਤਾਰਾਂ 5. ਬੁਰਸ਼ 6. ਸੋਲੇਨਾਈਡ



ਚਿੱਤਰ ਨੰ. 14 : ਅਲਟਰਨੇਟਰ

3. ਬੱਤੀ ਪ੍ਰਣਾਲੀ ਜੋ ਟਰੈਕਟਰ ਨੂੰ ਰਾਤ ਸਮੇਂ ਕੰਮ ਕਰਨ ਵਿੱਚ ਸਹਾਈ ਹੁੰਦੀ ਹੈ ਤਾਂ ਜੋ ਟਰੈਕਟਰ ਦੀ ਰਾਤ ਸਮੇਂ ਵੀ ਵਰਤੋਂ ਕੀਤੀ ਜਾ ਸਕੇ। ਬਿਜਲੀ ਪ੍ਰਣਾਲੀ ਦੀ ਚੰਗੀ ਦੇਖਭਾਲ ਲਈ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ:

ੳ. ਇੰਜਣ ਨੂੰ ਘੁਮਾਉਣ ਵਾਲੀ ਮੋਟਰ ਨੂੰ ਅੱਧੇ ਮਿੰਟ ਤੋਂ ਜ਼ਿਆਦਾ ਨਹੀਂ ਚਲਾਉਣਾ ਚਾਹੀਦਾ। ਜੇਕਰ ਇੰਜਣ ਚਾਲੂ ਨਹੀਂ ਹੁੰਦਾ ਤਾਂ ਕੁਝ ਦੇਰ ਰੁਕਣ ਤੋਂ ਬਾਅਦ ਦੁਬਾਰਾ ਚਲਾਉ। ਜ਼ਿਆਦਾ ਦੇਰ ਚਲਾਉਣ ਨਾਲ ਇਸਦੇ ਆਰਮੇਚਰ ਦੀਆਂ ਤਾਰਾਂ ਦੇ ਟਾਂਕੇ ਜ਼ਿਆਦਾ ਗਰਮ ਹੋਣ ਕਰਕੇ ਖੁੱਲ ਜਾਂਦੇ ਹਨ ਤੇ ਭਾਰੀ ਨੁਕਸਾਨ ਹੁੰਦਾ ਹੈ।

ਅ. ਇੰਜਣ ਘੁਮਾਉਣ ਵਾਲੀ ਮੋਟਰ ਅਤੇ ਬਿਜਲੀ ਪੈਦਾ ਕਰਨ ਵਾਲੇ ਯੰਤਰ ਨੂੰ 250 ਘੰਟੇ ਬਾਅਦ ਉਨ੍ਹਾਂ ਦੇ ਬੁਸ਼ਾਂ/ਬੈਰਿੰਗਾਂ ਨੂੰ ਤੇਲ ਕੁੱਪੀ ਦੁਆਰਾ 2 ਤੋਂ 5 ਬੂੰਦਾਂ ਮੋਬਿਲ ਆਇਲ ਦੀਆਂ ਦਿਉ।

ੲ. ਬਿਜਲੀ ਯੰਤਰ ਅਤੇ ਪੱਖੇ ਨੂੰ ਘੁਮਾਉਣ ਵਾਲੀ ਬੈਲਟ ਨੂੰ ਠੀਕ ਸਮੇਂ ਸਿਰ ਵੇਖਦੇ ਰਹਿਣਾ ਚਾਹੀਦਾ ਹੈ। ਲੋੜ ਅਨੁਸਾਰ ਉਸ ਨੂੰ ਕੱਸ ਲੈਣਾ ਚਾਹੀਦਾ ਹੈ।

ਸ. ਇਨ੍ਹਾਂ ਉੱਪਰ ਲੱਗੇ ਪੱਤਰੀ ਦੇ ਢੱਕਣ ਨੂੰ ਕੱਸ ਕੇ ਰੱਖੋ ਤਾਂ ਜੋ ਇਸ ਵਿੱਚ ਮਿੱਟੀ ਅਤੇ ਪਾਣੀ ਨਾ ਜਾ ਸਕੇ।


ਹ. ਹਰ 6 ਮਹੀਨੇ ਜਾਂ ਇੱਕ ਸਾਲ ਦੇ ਅਰਸੇ ਦਰਮਿਆਨ ਕਿਸੇ ਸਿਆਣੇ ਮਿਸਤਰੀ ਪਾਸੋਂ ਇਨ੍ਹਾਂ ਦੀ ਖੁੱਲਵਾ ਕੇ ਜਾਂਚ ਕਰਾਉ। ਜੇਕਰ ਇਨ੍ਹਾਂ ਦੇ ਬੈਰਿੰਗ/ਬੁੱਸ਼ਾਂ ਵਿੱਚ ਜ਼ਿਆਦਾ ਢਿੱਲ ਹੋਵੇ ਜਾਂ ਅੰਦਰ ਆਰਮੇਚਰ ਰਗੜ ਖਾਂਦਾ ਹੋਵੇ।

ਕ. ਜੇਕਰ ਕਾਰਬਨ ਜਾਂ ਤਾਂਬਾ ਧਾਤ ਵਾਲੇ ਬੁਰਸ਼ 13 ਮਿਲੀਮੀਟਰ ਜਾਂ ਆਪਣੀ ਕੁੱਲ ਲੰਬਾਈ ਦੇ ਅੱਧ ਤੋਂ ਜ਼ਿਆਦਾ ਘਸੇ ਹੋਣ ਤਾਂ ਇਨ੍ਹਾਂ ਨੂੰ ਬਦਲ ਦਿਉ।

ਖ. ਜੇਕਰ ਕਮਿਊਟੇਟਰ ਜਾਂ ਦਿਸ਼ਾ ਪਰਿਵਰਤਨ (ਮੈਲਾ) ਹੋ ਗਿਆ ਹੋਵੇ ਤਾਂ ਇਸ ਨੂੰ ਡਬਲ ਜ਼ੀਰੋ ਰੇਗਮਾਰ ਦੀ ਵਰਤੋਂ ਕਰਕੇ ਸਾਫ਼ ਕਰਾਉ। (ਚਿੱਤਰ 15)


ਬੈਟਰੀ : ਬੈਟਰੀ ਦੇ ਉਪਰਲੇ ਪਾਸੇ ਨੂੰ ਸਾਫ਼ ਰੱਖਣਾ ਚਾਹੀਦਾ ਹੈ ਅਤੇ ਉਸ ਉਤੇ ਡੀਜ਼ਲ, ਤੇਲ, ਪਾਣੀ ਜਾਂ ਧੂੜ-ਆਦਿ ਨਹੀਂ ਪੈਣ ਦੇਣੀ ਚਾਹੀਦੀ। ਇਸ ਗੱਲ ਦਾ ਵੀ ਧਿਆਨ ਰੱਖੋ ਕਿ ਬੈਟਰੀ ਦੀਆਂ ਤਾਰਾਂ ਤੇ ਸਿਰੇ ਆਦਿ ਟੁੱਟੇ ਜਾਂ ਤਿੜੇ ਹੋਏ ਨਾ ਹੋਣ। ਬੈਟਰੀ ਨੂੰ ਠੀਕ ਹਾਲਤ ਵਿੱਚ ਰੱਖਣ ਲਈ ਪਕੜ-ਬੋਲਟਾਂ ਨੂੰ ਚੰਗੀ ਤਰ੍ਹਾਂ ਕੱਸ ਦੇਣਾ ਚਾਹੀਦਾ ਹੈ।

ਬੈਟਰੀ ਦੇ ਸੈੱਲਾਂ ਵਿੱਚ ਪਾਣੀ ਦਾ ਤਲ, ਪਲੇਟਾਂ ਤੋਂ ਲਗਭਗ 6 ਮਿਲੀਮੀਟਰ ਉੱਪਰ ਹੋਣਾ ਚਾਹੀਦਾ ਹੈ। ਅੱਜਕੱਲ੍ਹ ਬੈਟਰੀਆਂ ਵਿੱਚ ਘੱਟ ਅਤੇ ਵੱਧ ਦਾ ਨਿਸ਼ਾਨ ਲੱਗਾ ਹੁੰਦਾ ਹੈ। ਪਾਣੀ ਦਾ ਤਲ ਇਨ੍ਹਾਂ ਦੋ ਨਿਸ਼ਾਨਾਂ ਵਿੱਚ ਹੋਣਾ ਚਾਹੀਦਾ ਹੈ। ਵਿਰਲ ਪਲੱਗ ਮੋਰੀਆਂ ਵਿੱਚ ਕੋਈ ਅੜ ਨਹੀਂ ਹੋਣੀ ਚਾਹੀਦੀ। ਬੈਟਰੀ ਵਿੱਚ ਡਿਸਟਿੱਲਡ ਪਾਣੀ ਵਰਤਣਾ ਚਾਹੀਦਾ ਹੈ। ਬੈਟਰੀ ਦੇ ਸਿਰਿਆਂ ਤੇ ਥੋੜ੍ਹੇ-ਥੋੜ੍ਹੇ ਵਕਫ਼ੇ




ਚਿੱਤਰ ਨੰ. 15 : ਕਮਿਊਟੇਟਰ ਨੂੰ ਸਾਫ਼ ਕਰਨਾ

ਬਾਅਦ ਪੈਟਰੋਲ ਜੈਲੀ ਲਾਉਣੀ ਚਾਹੀਦੀ ਹੈ । (ਚਿੱਤਰ 16) । ਪੂਰੀ ਤਰ੍ਹਾਂ ਤੇ ਨਵੀਂ ਨਵੀਂ ਚਾਰਜ ਕੀਤੀ ਬੈਟਰੀ ਦੇ ਨੇੜੇ ਅੱਗ ਜਾਂ ਬਲਦੀ ਹੋਈ ਮੋਮਬੱਤੀ ਨਹੀਂ ਲਿਆਉਣੀ ਚਾਹੀਦੀ । ਬੈਟਰੀ ਦੇ ਘੋਲ ਦੀ ਨਮੀ ਮਾਪਕ ਨਾਲ ਜਾਂਚ ਲੈਣੀ ਚਾਹੀਦੀ ਹੈ ਅਤੇ ਜੇ ਉਸ ਦੀ ਸਾਪੇਖ ਘਣਤਾ 1.250 ਤੋਂ ਘੱਟ ਹੋਵੇ, ਤਾਂ ਉਸ ਨੂੰ ਮੁੜ ਚਾਰਜ ਕਰ ਲੈਣਾ ਚਾਹੀਦਾ ਹੈ (ਚਿੱਤਰ 17)। ਇਹ ਪਰਖ਼ ਕਰਨ ਲਈ ਕਿ ਸਾਰੇ ਸੈੱਲ ਠੀਕ-ਠਾਕ ਕੰਮ ਕਰ ਰਹੇ ਹਨ ਜਾਂ ਨਹੀਂ ਅਤੇ ਹਰੇਕ ਸੈੱਲ ਘੱਟ ਤੋਂ ਘੱਟ 1.5 ਵੋਲਟ ਦੀ ਵੋਲਟੇਜ



ਚਿੱਤਰ ਨੰ. 16 : ਬੈਟਰੀਆਂ ਦੇ ਸਿਰਿਆਂ ਨੂੰ ਜੈਲੀ ਲਾਉਣਾ




ਚਿੱਤਰ ਨੰ. 17 : ਸਾਪੇਖ ਘਣਤਾ ਚੈੱਕ ਕਰਨ ਲਈ ਹਾਈਡਰੋਮੀਟਰ

ਦੇ ਰਿਹਾ ਹੈ ਜਾਂ ਨਹੀਂ, ਸੈੱਲਾਂ ਨੂੰ ਸੈੱਲ ਟੈੱਸਟਰ ਨਾਲ ਚੈੱਕ ਕਰ ਲੈਣਾ ਚਾਹੀਦਾ ਹੈ। ਨਮੂਨੇ ਦੀ ਇੱਕ ਬੈਟਰੀ ਦੀ ਬਨਾਵਟ ਚਿੱਤਰ ਨੰ. 18 ਵਿੱਚ ਦਰਸਾਈ ਗਈ ਹੈ ।


ੲ. ਸਵਿੱਚ ਤੇ ਤਾਰਾ : ਸਾਰੀਆਂ ਤਾਰਾਂ ਤੇ ਸਵਿੱਚਾਂ ਨੂੰ ਜਿਵੇਂ ਕਿ ਸਟਾਰਟਿੰਗ ਸਵਿੱਚ ਆਦਿ ਨੂੰ ਚੰਗੀ ਤਰ੍ਹਾਂ ਰੋਧੀ (ਇਨਸੂਲੇਟ) ਕਰਕੇ ਰੱਖਣਾ ਚਾਹੀਦਾ ਹੈ ਅਤੇ ਜਦੋਂ ਕਿਧਰੇ ਵੀ ਸ਼ਾਰਟ ਸਰਕਟ ਦੀ ਸੂਹ ਮਿਲੇ, ਤਾਂ ਨਵੀਆਂ ਤਾਰਾਂ ਤੇ ਸਵਿੱਚ ਪਾ ਦਿਉ । ਇਸ ਨੂੰ ਤੇਲ ਅਤੇ ਤੇਜ਼ਾਬ ਨਾ ਲੱਗੇ ।

ਸ. ਲਾਈਟਾਂ : ਟਰੈਕਟਰ ਨਾਲ ਰਾਤ ਨੂੰ ਕੋਈ ਵੀ ਕੰਮ ਕਰਨਾ ਹੋਵੇ, ਤਾਂ ਇਸ ਗੱਲ ਦਾ ਧਿਆਨ ਰੱਖੋ ਕਿ ਉਸ ਦੀ ਅਗਲੀ ਬੱਤੀ, ਡਿੱਪਰ ਤੇ ਪਿਛਲੀਆਂ ਲਾਈਟਾਂ ਬਿਲਕੁਲ ਠੀਕ ਠਾਕ ਹੋਣ । ਪਿਛਲੀਆਂ ਅਤੇ ਅਗਲੀਆਂ ਲਾਈਟਾਂ ਦੇ ਪਕੜ ਕਲੈਂਪਾਂ ਤੇ ਪਕੜ-ਬੋਲਟਾਂ ਨੂੰ ਪੂਰੀ ਤਰ੍ਹਾਂ ਕਸ ਕੇ ਰੱਖਣਾ ਚਾਹੀਦਾ ਹੈ ਅਤੇ ਜਦ ਕਿਧਰੇ ਵੀ ਤਾਰਾਂ ਵਿੱਚ ਕੋਈ ਲੂਜ਼ ਕਨੈੱਕਸ਼ਨ ਨਜ਼ਰ ਆਵੇ ਤਾਂ ਉਸ ਨੂੰ ਠੀਕ ਕਰ ਲੈਣਾ ਚਾਹੀਦਾ ਹੈ ।

ਟ੍ਰਾਂਸਮਿਸ਼ਨ ਸਿਸਟਮ (ਸੰਚਾਰ-ਪ੍ਰਣਾਲੀ) : ਜੇ ਤੁਸੀਂ ਟਰੈਕਟਰ ਨੂੰ ਥੋੜ੍ਹੀ ਜਿੰਨੀ ਨਰਮਾਈ ਤੇ ਸਾਵਧਾਨੀ ਨਾਲ ਚਲਾਓਗੇ ਤਾਂ ਗੀਅਰ-ਬੌਕਸ, ਵਿਸ਼ੇਸ਼ਕ ਅੰਤਿਮ ਡਰਾਇਵਾਂ ਜ਼ਿਆਦਾ ਸਮੇਂ ਲਈ ਚੰਗੀ ਤੇ ਔਖ ਮੁਕਤ ਸੇਵਾ ਦੇਣਗੀਆਂ (ਚਿੱਤਰ 19)। ਇਨ੍ਹਾਂ ਨੂੰ ਨਿਰਮਾਤਾ ਦੀਆਂ ਸਿਫ਼ਾਰਸ਼ਾਂ ਮੁਤਾਬਕ, ਉਚਿਤ ਦਰਜੇ ਦੇ ਲੁਬਰੀਕੈਂਟ ਨਾਲ ਸਮੇਂ-ਸਮੇਂ ਸਾਫ਼ ਕਰਦੇ ਰਹਿਣਾ ਚਾਹੀਦਾ ਹੈ (ਸਾਰਣੀ ਨੰਬਰ 1)। ਜਦੋਂ ਕਿਧਰੇ



ਚਿੱਤਰ ਨੰ. 18 : ਸੈੱਲ ਟੈਸਟਰ ਨਾਲ ਬੈਟਰੀ ਦੇ ਸੈੱਲ ਚੈੱਕ ਕਰਨਾ



ਚਿੱਤਰ ਨੰ. 19 : ਟਰੈਕਟਰ ਦਾ ਟ੍ਰਾਂਸਮਿਸ਼ਨ-ਸਿਸਟਮ

ਵੀ ਕੋਈ ਨੁਕਸ ਪੈ ਜਾਏ, ਗੀਅਰ ਬੌਕਸ ਤੇ ਹੋਰ ਸੰਚਾਰ ਕਲ-ਪੁਰਜ਼ਿਆਂ ਨੂੰ ਖੋਲ੍ਹ ਖਾਲ ਕੇ ਬੈਠ ਜਾਣ ਤੋਂ ਪਹਿਲਾਂ, ਇਸ ਨੁਕਸ ਦਾ ਮੂਲ ਕਾਰਨ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

ਟਰੈਕਟਰ ਦੇ ਟ੍ਰਾਂਸਮਿਸ਼ਨ ਸਿਸਟਮ ਨੂੰ ਠੀਕ ਠਾਕ ਰੱਖਣ ਬਾਰੇ ਕੁਝ ਜ਼ਰੂਰੀ ਗੱਲਾਂ ਹੇਠਾਂ ਦਿੱਤੀਆਂ ਜਾਂਦੀਆਂ ਹਨ :

1. ਲੁਬਰੀਕੇਟਾਂ ਨੂੰ ਸਾਫ਼ ਸੁਥਰੇ ਡੱਬਿਆਂ 'ਚ ਰੱਖਣਾ ਚਾਹੀਦਾ ਹੈ । ਇਸ ਗੱਲ ਦਾ ਵੀ ਧਿਆਨ ਰੱਖੋ ਕਿ ਡੱਬੇ ਲੀਕ ਨਾ ਕਰਦੇ ਹੋਣ । ਤੇਲ ਦੀ ਵਰਤੋਂ ਕਰਨ ਵੇਲੇ ਵੀ ਉਨ੍ਹਾਂ ਨੂੰ ਸਾਫ਼ ਸੁਥਰੇ ਬਰਤਨ ਵਿੱਚ ਪਾਉਣਾ ਚਾਹੀਦਾ ਹੈ ।

2. ਜਦੋਂ ਟਰੈਕਟਰਾਂ ਦੀ ਵਰਤੋਂ ਹੋ ਰਹੀ ਹੋਵੇ ਤਾਂ ਗੀਅਰ ਬੌਕਸ ਨੂੰ ਠੀਕ ਤਲ ਤੱਕ ਗੀਅਰ ਆਇਲ ਨਾਲ ਭਰ ਲੈਣਾ ਚਾਹੀਦਾ ਹੈ ।

3. ਅੰਤਿਮ ਡਰਾਈਵਾਂ ਤੇ ਸੰਚਾਰ ਦੀ ਸਰਵਿਸ ਕਰਨ ਲੱਗਿਆਂ ਸਾਰੇ ਦੇ ਸਾਰੇ ਨਿਕਾਸ ਪਲੱਗਾਂ ਦਾ ਪਤਾ ਲਾਉਣ ਲਈ 'ਚਾਲਕ ਨਿਯਮ-ਪੁਸਤਕ' ਤੋਂ ਮਦਦ ਲੈ ਲੈਣੀ ਚਾਹੀਦੀ ਹੈ ।

4. ਗੀਅਰ ਜਾਂ ਸੰਚਾਰ ਤੇਲ ਹਮੇਸ਼ਾਂ ਉਦੋਂ ਹੀ ਕੱਢਣਾ ਚਾਹੀਦਾ ਹੈ, ਜਦੋਂ ਕਿ ਇੰਜਣ ਕੁਝ ਚਿਰ ਚੱਲ ਚੁੱਕਣ ਤੋਂ ਬਾਅਦ ਗਰਮ ਹੋਵੇ ।


ਸਾਲ ਵਿੱਚ ਘੱਟੋ-ਘੱਟ ਇਕ ਵਾਰੀ ਗੀਅਰ ਤੇਲ ਨੂੰ 'ਚਾਲਕ ਨਿਯਮ-ਪੁਸਤਕ' ਵਿੱਚ ਦਰਜ ਹਦਾਇਤਾਂ ਦੇ ਮੁਤਾਬਕ ਚੰਗੀ ਤਰ੍ਹਾਂ ਬਾਹਰ ਕੱਢ ਕੇ, ਨਵੇਂ ਸਿਰਿਉਂ ਭਰ ਦੇਣਾ ਚਾਹੀਦਾ ਹੈ ।

5. ਅੰਤਿਮ ਡਰਾਈਵ ਯੂਨਿਟਾਂ 'ਚੋਂ ਤੇਲ ਆਦਿ ਕੱਢਣ ਵੇਲੇ ਟਾਇਰਾਂ ਨੂੰ ਕਿਸੇ ਧਾਤ ਦੀ ਚਾਦਰ ਵਗੈਰਾ ਨਾਲ ਢੱਕ ਦੇਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਉੱਪਰ ਤੇਲ ਦੇ ਛਿੱਟੇ ਨਾ ਪੈਣ ।


6. ਸਰਦੀਆਂ ਦੇ ਮੌਸਮ 'ਚ ਹਲਕੇ ਦਰਜੇ ਦਾ ਗੀਅਰ ਆਇਲ ਵਰਤਣਾ ਚੰਗਾ ਰਹਿੰਦਾ ਹੈ ।

7. ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਵੱਖ-ਵੱਖ ਕਿਸਮ ਦੇ ਲੁਬਰੀਕੈਂਟਾਂ ਨੂੰ ਆਪੋ ਵਿੱਚ ਮਿਲਾਇਆ ਨਾ ਜਾਵੇ, ਕਿਉਂਕਿ ਇਸ ਨਾਲ ਗੀਅਰਾਂ ਤੇ ਬੇਅਰਿੰਗ ਨੂੰ ਸਖਤ ਨੁਕਸਾਨ ਪੁੱਜਣ ਦਾ ਡਰ ਰਹੇਗਾ ।

ਕਲੱਚ ਅਤੇ ਬਰੇਕਾਂ : ਜੇ ਕਲੱਚ ਤਿਲਕਦਾ ਜਾਂ ਸਲਿੱਪ ਕਰਦਾ ਹੋਵੇ ਤਾਂ ਟਰੈਕਟਰ ਨੂੰ ਰੋਕ ਕੇ ਕਲੱਚ ਨੂੰ ਠੀਕ ਥਾਂ ਬਿਠਾ ਲੈਣਾ ਚਾਹੀਦਾ ਹੈ, ਨਹੀਂ ਤਾਂ ਪਲੇਟਾਂ ਬਹੁਤ ਛੇਤੀ ਘਸ ਜਾਣਗੀਆਂ । ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਗਰੀਸ ਜਾਂ ਤੇਲ ਕਲੱਚ ਪਲੇਟਾਂ ਨੂੰ ਨਾ ਲੱਗੇ । ਕਲੱਚ ਪੈਡਲ ਦੀ ਜਾਂਚ ਕਰ ਲੈਣੀ ਚਾਹੀਦੀ ਹੈ । ਇਸ ਵਿੱਚ ਲਗਪਗ 18 ਮਿਲੀਮੀਟਰ ਦੀ ਫ਼ਰੀ ਪਲੇ ਹੋਣੀ ਚਾਹੀਦੀ ਹੈ । (ਚਿੱਤਰ 20 ਅਤੇ 21) । ਜੇ ਬਰੇਕਾਂ ਠੀਕ ਕੰਮ ਨਾ ਕਰ ਰਹੀਆਂ ਹੋਣ



ਚਿੱਤਰ ਨੰ. 20 : ਕਲੱਚ-ਮੈਡਾਕ ਦੀਆਂ ਅਲੱਗ-ਅਲੱਗ ਹਾਲਤਾਂ



ਚਿੱਤਰ ਨੰ. 21 : ਇੱਕ ਚਕਲੀ ਕਲੱਚ ਚਾਲੂ ਤੇ ਗੈਰ-ਚਾਲੂ ਹਾਲਤ ਵਿੱਚ


ਤਾਂ ਟਰੈਕਟਰ ਚਲਾਉਣਾ ਹੀ ਨਹੀਂ ਚਾਹੀਦਾ, ਸਗੋਂ ਹਦਾਇਤਾਂ ਮੁਤਾਬਕ ਉਨ੍ਹਾਂ ਨੂੰ ਠੀਕ ਕਰ ਲੈਣਾ ਚਾਹੀਦਾ ਹੈ । ਕਲੱਚ ਦੇ ਬੇਅਰਿੰਗ ਨੂੰ ਕਦੇ ਵੀ ਲੋੜ ਤੋਂ ਜ਼ਿਆਦਾ ਗਰੀਸ ਨਹੀਂ ਦੇਣੀ ਚਾਹੀਦੀ, ਨਹੀਂ ਤਾਂ ਕਲੱਚ-ਪਲੇਟਾਂ ਖ਼ਰਾਬ ਹੋ ਜਾਣਗੀਆਂ ।

ਧੁਰੇ ਅਤੇ ਪਹੀਏ : ਪਿਛਲੇ ਧੁਰੇ ਦੇ ਬੇਅਰਿੰਗਾਂ ਦਾ ਅਰਧ ਸ਼ਾਫ਼ਟਾਂ ਵਿੱਚ ਚੱਲਣ ਲਈ ਨਿਰੀਖਣ ਕਰ ਲੈਣਾ ਚਾਹੀਦਾ ਹੈ । ਵਾਸ਼ਲਾਂ ਤੇ ਆਇਲ ਸੀਲਾਂ ਦੀ ਵੀ ਜਾਂਚ ਕਰ ਲੈਣੀ ਚਾਹੀਦੀ ਹੈ ਕਿ ਉਹ ਕਿਧਰੇ ਲੀਕ ਤਾਂ ਨਹੀਂ ਕਰ ਰਹੀਆਂ ।

ਇਸ ਤੋਂ ਪਹਿਲਾਂ ਕਿ ਉਨ੍ਹਾਂ ਰਾਹੀਂ ਮਿੱਟੀ-ਘੱਟਾ ਅੰਦਰ ਦਾਖ਼ਲ ਹੋਣ ਲੱਗ ਪਏ, ਉਨ੍ਹਾਂ ਦੀ ਬਦਲੀ ਕਰ ਲੈਣੀ ਚਾਹੀਦੀ ਹੈ । ਅਗਲੇ ਪਹੀਏ ਦੇ ਧੁਰਿਆਂ ਨੂੰ ਘੱਟੋ-ਘੱਟ ਸਾਲ ਵਿੱਚ ਦੋ ਵਾਰੀ ਗਰੀਸ ਦੇ ਲੈਣੀ ਚਾਹੀਦੀ ਹੈ ਅਤੇ ਉਨ੍ਹਾਂ 'ਚ ਨਵੀਆਂ ਨਮਦਾ-ਸੀਲਾਂ ਲਾ ਲੈਣੀਆਂ ਚਾਹੀਦੀਆਂ ਹਨ । ਸਲਾਖਾਂ ਆਦਿ ਦੀ ਵੀ ਜਾਂਚ ਕਰ ਲੈਣੀ ਚਾਹੀਦੀ ਹੈ ਅਤੇ ਜਦੋਂ ਕਦੇ ਲੋੜ ਪਏ, ਤਾਂ ਉਨ੍ਹਾਂ ਨੂੰ ਠੀਕ-ਟਿਕਾਣੇ ਸਿਰ ਕਰ ਲੈਣਾ ਚਾਹੀਦਾ ਹੈ । ਟਾਇਰਾਂ ਦਾ ਬੈਠ-ਬਿਠਾਅ (ਜਿਵੇਂ ਕਿ ਚਿੱਤਰ ਨੰ. 22 ਵਿੱਚ ਦਰਸਾਇਆ ਗਿਆ ਹੈ) ਕੁਝ, ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਪਿਛਲੇ ਪਾਸੇ ਦੇ ਮੁਕਾਬਲੇ ਤੇ, ਅਗਲੇ ਪਾਸੇ ਟਾਇਰ 13 ਮਿਲੀਮੀਟਰ ਵਧੇਰੇ ਨੇੜੇ ਹੋਣ । ਇਸ ਤਰ੍ਹਾਂ ਟਾਇਰ ਘੱਟ ਘਸਦੇ ਹਨ ।

ਪੀ.ਟੀ.ਓ. ਸ਼ਾਫ਼ਟ ਅਤੇ ਬੈੱਲਟ ਪੁਲੀ

ਅੱਜ-ਕੱਲ੍ਹ ਸਾਰੇ ਟਰੈਕਟਰਾਂ 'ਚ ਪੀ.ਟੀ.ਓ. ਸ਼ਾਫ਼ਟ ਲੱਗੀ ਹੁੰਦੀ ਹੈ ਜਿਹੜਾ ਕਿ ਚੱਲ ਅਤੇ ਅਚੱਲ ਦੋਹਾਂ ਤਰ੍ਹਾਂ ਦੇ ਫੀਲਡ-ਕਾਰਜਾਂ ਲਈ ਘੁੰਮਣਸ਼ੀਲ ਸ਼ਕਤੀ ਸਪਲਾਈ



ਕਰਦਾ ਹੈ । ਪੀ.ਟੀ.ਓ. ਸ਼ਾਫ਼ਟ ਤੇ ਜੋ ਸ਼ਕਤੀ ਪ੍ਰਾਪਤ ਹੁੰਦੀ ਹੈ ਉਹ ਇਕ ਬੈੱਲਟ ਪੁਲੀ ਦੇ ਰਾਹੀਂ ਜਾਂ ਫਿਰ ਪੀ.ਟੀ.ਓ. ਸ਼ਾਫ਼ਟ ਨੂੰ ਇੱਕ ਦੂਰਬੀਨ ਚਾਲਕ ਸ਼ਾਫ਼ਟ ਦੇ ਜ਼ਰੀਏ, ਮਸ਼ੀਨ-ਸ਼ਾਫ਼ਟ ਨਾਲ ਜੋੜਨ ਤੇ ਇਸਤੇਮਾਲ ਹੁੰਦੀ ਹੈ । ਬੈੱਲਟ ਪੁਲੀ ਦੇ ਗੀਅਰ ਬੌਕਸ ਦਾ ਤੇਲ ਦੇ ਤਲ ਨੂੰ ਚੈੱਕ ਕਰਦੇ ਰਹਿਣਾ ਚਾਹੀਦਾ ਹੈ। ਇਸੇ ਤਰ੍ਹਾਂ ਵਰਤੋਂ ਵੇਲੇ, ਦੂਰਬੀਨ ਚਾਲਕ ਸ਼ਾਫਟ ਦੇ ਬਿੰਦੂਆਂ ਨੂੰ ਹਰ ਰੋਜ਼ ਗਰੀਸ ਦੇ ਦੇਣੀ ਚਾਹੀਦੀ ਹੈ । ਮਿੱਟੀ-ਘੱਟੇ ਨੂੰ ਅੰਦਰ ਜਾਣ ਤੋਂ ਰੋਕਣ ਲਈ ਪੀ.ਟੀ.ਓ. ਸੀਲ ਨੂੰ ਠੀਕ ਠਾਕ ਰੱਖਣਾ ਚਾਹੀਦਾ ਹੈ । ਨਾਲ ਹੀ ਜਦੋਂ ਸ਼ਾਫ਼ਟ ਕੰਮ ਨਾ ਕਰ ਰਿਹਾ ਹੋਵੇ ਤਾਂ ਪੀ.ਟੀ.ਓ. ਢੱਕਣ ਜ਼ਰੂਰ ਵਰਤਣਾ ਚਾਹੀਦਾ ਹੈ ।

ਟਰੈਕਟਰ ਟਾਇਰਾਂ ਦੀ ਦੇਖਭਾਲ ਅਤੇ ਠੀਕ ਵਰਤੋਂ

ਟਾਇਰ, ਟਰੈਕਟਰ ਦਾ ਅਤੇ ਹੋਰ ਖੇਤੀਬਾੜੀ ਮਸ਼ੀਨਰੀ ਦਾ ਬਹੁਤ ਹੀ ਜ਼ਰੂਰੀ ਅੰਗ ਹਨ । ਇਨ੍ਹਾਂ ਟਾਇਰਾਂ ਨੂੰ ਸਾਡੇ ਖੇਤ ਵਿੱਚ ਵੱਖ-ਵੱਖ ਹਾਲਤਾਂ ਵਿੱਚ ਕੰਮ ਕਰਨਾ ਪੈਂਦਾ ਹੈ । ਕਦੇ ਉੱਚੀ ਨੀਵੀਂ ਥਾਂ ਤੇ ਕਦੇ ਚਿੱਕੜ ਨਾਲ ਭਰੇ ਹੋਏ ਖੇਤਾਂ ਵਿੱਚ ਅਤੇ ਕਦੇ ਸਾਫ਼ ਸੁਥਰੀ ਪੱਕੀ ਸੜਕ ਉੱਪਰ । ਇਸ ਲਈ ਇਨ੍ਹਾਂ ਟਾਇਰਾਂ ਦੀ ਦੇਖਭਾਲ ਦੀ ਵੀ ਬਹੁਤ ਜ਼ਰੂਰਤ ਹੈ । ਟਰੈਕਟਰ ਦੇ ਹਿੱਸੇ ਪੁਰਜ਼ਿਆਂ ਵਿੱਚ ਟਾਇਰ ਬਦਲਣਾ ਸਭ ਤੋਂ ਮਹਿੰਗਾ ਪੈਂਦਾ ਹੈ । ਸਰਵੇਖਣ ਤੋਂ ਪਤਾ ਚੱਲਦਾ ਹੈ ਕਿ ਇਨ੍ਹਾਂ ਟਾਇਰਾਂ ਦੀ ਉਮਰ 2 ਤੋਂ 5 ਸਾਲ ਤੱਕ ਹੁੰਦੀ ਹੈ ਪਰ ਅਣਗਹਿਲੀ ਨਾਲ ਵਰਤੇ ਗਏ ਟਾਇਰਾਂ ਦੀ ਮਿਆਦ (ਉਮਰ) 2 ਸਾਲ ਤੋਂ ਵੀ ਘੱਟ ਸਕਦੀ ਹੈ ।

ਦੱਸੇ ਗਏ ਕੁਝ ਜ਼ਰੂਰੀ ਨੁਕਤਿਆਂ ਵੱਲ ਧਿਆਨ ਦੇਣ ਨਾਲ ਟਾਇਰਾਂ ਦੀ ਉਮਰ ਵਧਾਈ ਜਾ ਸਕਦੀ ਹੈ, ਟਰੈਕਟਰ ਤੋਂ ਵੱਧ ਤੋਂ ਵੱਧ ਕੰਮ ਲਿਆ ਜਾ ਸਕਦਾ ਹੈ ਅਤੇ ਚਲਾਉਣ ਦਾ ਖ਼ਰਚਾ ਘਟਾਇਆ ਜਾ ਸਕਦਾ ਹੈ ।

ਟਾਇਰਾਂ ਵਿੱਚ ਠੀਕ ਹਵਾ ਦਾ ਦਬਾਅ ਰੱਖਣਾ

ਇਹ ਚੀਜ ਦੇਖਣ ਵਿੱਚ ਆਈ ਹੈ ਕਿ ਆਮ ਤੌਰ ਤੇ ਟਾਇਰਾਂ ਵਿੱਚ ਹਵਾ ਦਾ ਦਬਾਅ ਜ਼ਰੂਰਤ ਨਾਲੋਂ ਜ਼ਿਆਦਾ ਰੱਖਿਆ ਜਾਂਦਾ ਹੈ । ਇਸ ਦੇ ਮੁੱਖ ਕਾਰਨ ਇਹ ਨਜ਼ਰ ਆਉਂਦਾ ਹੈ ਕਿ ਟਰੈਕਟਰ ਦੀ ਵਰਤੋਂ ਖੇਤਾਂ ਨਾਲੋਂ ਸੜਕਾਂ ਤੇ ਜ਼ਿਆਦਾ ਕੀਤੀ ਜਾਂਦੀ ਹੈ ਪਰ ਇਨ੍ਹਾਂ ਟਾਇਰਾਂ ਦੀ ਬਣਤਰ ਸੜਕੀ ਟਾਇਰਾਂ ਨਾਲੋਂ ਭਿੰਨ ਹੁੰਦੀ ਹੈ ਅਤੇ ਨਤੀਜੇ ਵਜੋਂ ਇਨ੍ਹਾਂ ਦੀ ਘਸਾਈ ਜ਼ਰੂਰਤ ਨਾਲੋਂ ਜ਼ਿਆਦਾ ਹੁੰਦੀ ਰਹਿੰਦੀ ਹੈ । ਟਰੈਕਟਰ ਦੇ ਟਾਇਰ ਖਿਚਾਈ ਵਾਸਤੇ ਬਣਾਏ ਗਏ ਹੁੰਦੇ ਹਨ, ਦੌੜਾਈ ਵਾਸਤੇ ਨਹੀਂ ਪਰ ਕਿਸਾਨ ਵੀਰ ਇਹ ਨਹੀਂ ਜਾਣਦੇ ਕਿ ਸੜਕ ਤੇ ਇਕ ਹਫ਼ਤੇ ਦੀ ਘਸਾਈ ਖੇਤ ਵਿੱਚ ਇਕ ਮਹੀਨੇ ਦੀ ਘਸਾਈ ਦੇ ਬਰਾਬਰ ਹੁੰਦੀ ਹੈ । ਜ਼ਿਆਦਾ ਹਵਾ ਹੋਣ ਕਾਰਨ ਸਾਰਾ ਭਾਰ ਟਾਇਰ ਦੀਆਂ ਵਿਚਕਾਰਲੀ ਗੁੱਡੀਆਂ ਤੇ ਪੈਂਦਾ ਹੈ ਜਿਸ ਕਰਕੇ ਟਾਇਰ ਦੇ ਵਿਚਲੇ ਹਿੱਸੇ ਦੀ ਘਸਾਈ ਜ਼ਿਆਦਾ ਹੁੰਦੀ ਹੈ । ਇਹ ਅਵਸਥਾ ਟਰੈਕਟਰ ਦੇ ਪਿਛਲੇ ਟਾਇਰਾਂ ਨੂੰ ਦੇਖਕੇ ਲ਼ਗਾਈ ਜਾ ਸਕਦੀ ਹੈ । ਇਸ ਤੋਂ ਇਲਾਵਾ ਵਧ ਹਵਾ ਹੋਣ

ਕਰਕੇ ਟਾਇਰ ਦੀਆਂ ਗੁੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਤੇ ਟਾਇਰ ਦੀ ਖਿਚਾਈ ਸਧਾਰਨ ਨਾਲੋਂ ਘੱਟ ਜਾਂਦੀ ਹੈ। ਟਰੈਕਟਰ ਨੂੰ ਇਕਦਮ ਜ਼ੋਰ ਨਾਲ ਬਰੇਕ ਲਾਉਣ ਨਾਲ ਵੀ ਟਾਇਰਾਂ ਤੇ ਮਾੜਾ ਅਸਰ ਪੈਂਦਾ ਹੈ।

ਇਸ ਦੇ ਉਲਟ ਘਟ ਹਵਾ ਦਾ ਦਬਾਅ ਹੋਣ ਦੀ ਹਾਲਤ ਵਿੱਚ ਗੁੱਡੀਆਂ ਅਤੇ ਪਲਾਈ ਅਲੱਗ-2 ਹੋ ਜਾਂਦੀਆਂ ਹਨ ਅਤੇ ਵੱਖੀਆਂ (ਜਾਂ ਪਾਸਿਆਂ) ਵਿੱਚ ਤਰੇੜਾਂ ਆ ਜਾਂਦੀਆਂ ਹਨ ਅਤੇ ਟਰੈਕਟਰ ਤੇ ਲੋਡ ਵਧ ਜਾਂਦਾ ਹੈ ਅਤੇ ਟਾਇਰ ਕਮਜ਼ੋਰ ਹੋ ਜਾਂਦਾ ਹੈ। ਇਸ ਲਈ ਚਾਹੀਦਾ ਹੈ ਕਿ ਟਰੈਕਟਰ ਦੇ ਟਾਇਰਾਂ ਦੇ ਹਵਾ ਦਾ ਦਬਾਅ ਟਰੈਕਟਰ ਬਣਾਉਣ ਵਾਲਿਆਂ ਵਲੋਂ ਦਿੱਤੀ ਗਈ ਪੁਸਤਕ ਅਨੁਸਾਰ ਹੋਣਾ ਚਾਹੀਦਾ ਹੈ ਜੋ ਕਿ ਆਮ ਟਾਇਰਾਂ ਵਿੱਚ ਹੇਠ ਲਿਖੇ ਅਨੁਸਾਰ ਹੁੰਦਾ ਹੈ।

1. ਟਰੈਕਟਰ ਦੇ ਟਾਇਰਾਂ ਵਿੱਚ ਹਵਾ ਦਾ ਦਬਾਅ

ਪਿਛਲੇ ਪਹੀਏ ਦੇ ਟਾਇਰਾਂ ਵਿੱਚ ਹਵਾ ਦਾ ਦਬਾਅ 12 ਤੋਂ 18 ਪੌਂਡ ਪ੍ਰਤੀ ਵਰਗ ਇੰਚ ਅਗਲੇ ਪਹੀਏ ਦੇ ਟਾਇਰਾਂ ਵਿੱਚ 25 ਤੋਂ 35 ਪੌਂਡ ਪ੍ਰਤੀ ਵਰਗ ਇੰਚ। ਟਾਇਰਾਂ ਦੀ ਦੇਖਭਾਲ ਦਾ 75% ਲਾਭ ਇਸ ਨੁਕਤੇ ਦੀ ਠੀਕ ਵਰਤੋਂ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।

2.ਟਾਇਰਾਂ ਦੀ ਅਦਲਾ-ਬਦਲੀ


ਟਰੈਕਟਰ ਨੂੰ ਸੱਜੇ ਅਤੇ ਖੱਬੇ ਇਕੋ ਜਿਹਾ ਚਲਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਵੇਖਣ ਵਿੱਚ ਆਇਆ ਹੈ ਕਿ ਟਰੈਕਟਰ ਨੂੰ ਖੇਤ ਵਿੱਚ ਕੇਵਲ ਖੱਬੇ ਪਾਸੇ ਹੀ ਜੋੜਨ ਦਾ ਰਿਵਾਜ ਹੈ ਜਿਸ ਕਰਕੇ ਦੋਨਾਂ ਟਾਇਰਾਂ ਦੀ ਘਸਾਈ ਇਕੋ ਜਿਹੀ ਨਹੀਂ ਹੁੰਦੀ ਅਤੇ ਇਸ ਨਾਲ ਖੱਬੇ ਪਾਸੇ ਵਾਲੇ ਟਾਇਰ ਤੇ ਮਾੜਾ ਅਸਰ ਪੈਂਦਾ ਹੈ ਇਸ ਤੋਂ ਇਲਾਵਾ ਸਾਲ ਵਿੱਚ ਇਕ ਵਾਰੀ ਟਾਇਰਾਂ ਦੀ ਆਪਸ ਵਿੱਚ ਅਦਲਾ-ਬਦਲੀ ਕਰਦੇ ਸਮੇਂ ਟਾਇਰਾਂ ਦੀ ਘੁੰਮਣ ਦਿਸ਼ਾ ਦਾ ਖਿਆਲ ਰੱਖਿਆ ਜਾਵੇ ਕਿ ਜਿਸ ਪਾਸੇ ਤੀਰ ਦਾ ਨਿਸ਼ਾਨ ਹੋਵੇ ਉਸ ਪਾਸੇ ਪਿਛਲਾ ਟਾਇਰ ਘੁੰਮਣਾ ਚਾਹੀਦਾ ਹੈ।

3. ਟਾਇਰਾਂ ਤੇ ਜ਼ਿਆਦਾ ਭਾਰ ਪਾਉਣ ਦਾ ਤਰੀਕਾ

ਟਾਇਰ ਨੂੰ ਵੱਖ-ਵੱਖ ਹਾਲਤਾਂ ਵਿੱਚ ਅਤੇ ਵੱਖ-ਵੱਖ ਕਿਸਮਾਂ ਦੇ ਖੇਤਾਂ ਵਿੱਚ ਕੰਮ ਕਰਨਾ ਪੈਂਦਾ ਹੈ। ਟਰੈਕਟਰ ਖਿਚਾਈ ਦਾ ਸਾਧਨ ਹੈ ਅਤੇ ਖਿਚਾਈ ਜ਼ਮੀਨ ਦੀ ਕਿਸਮ ਤੇ ਨਿਰਭਰ ਕਰਦੀ ਹੈ। ਭਾਰੀਆਂ ਜ਼ਮੀਨਾਂ ਵਿੱਚ ਖਿਚਾਈ ਲੈਣ ਵਾਸਤੇ ਟਾਇਰਾਂ ਦੀਆਂ ਗੁੱਡੀਆਂ ਦੀ ਜ਼ਮੀਨ ਨਾਲ ਪਕੜ ਵਧਣੀ ਚਾਹੀਦੀ ਹੈ ਅਤੇ ਇਸ ਵਾਸਤੇ ਟਾਇਰਾਂ ਵਿੱਚ ਹਵਾ ਦਾ ਦਬਾਅ ਘਟਾਉਣਾ ਹੀ ਇਕ ਅਜਿਹਾ ਤਰੀਕਾ ਹੈ, ਜਿਸ ਨਾਲ ਟਾਇਰਾਂ ਦੀ ਜ਼ਿਆਦਾ ਖਿਚਾਈ ਹੋ ਸਕਦੀ ਹੈ। ਇਸ ਲਈ ਟਾਇਰਾਂ ਵਿਚੋਂ 2 ਤੋਂ 4 ਪੌਂਡ ਤਕ ਹਵਾ ਘਟਾ ਦੇਣੀ ਚਾਹੀਦੀ ਹੈ। ਇਸ ਦੇ ਉਲਟ ਰੇਤਲੀਆਂ ਜ਼ਮੀਨਾਂ ਵਿੱਚ ਟਾਇਰਾਂ ਉਪਰ ਜ਼ਿਆਦਾ ਭਾਰ ਦੀ ਜ਼ਰੂਰਤ ਹੁੰਦੀ ਹੈ ਜਿਸ ਦੇ ਦੋ ਤਰੀਕੇ

ਹਨ :

1. ਟਾਇਰਾਂ ਦੀਆਂ ਟਿਊਬਾਂ ਵਿੱਚ ਪਾਣੀ ਦਾ ਭਰਨਾ ਜਿਵੇਂ ਚਿੱਤਰ ਨੰ: 23



ਚਿੱਤਰ ਨੰ. 23 : ਟਾਇਰਾਂ ਵਿੱਚ ਪਾਣੀ ਭਰ ਕੇ ਸਲਿਪੇਜ ਘਟਾਉਣਾ

ਵਿੱਚ ਦੱਸਿਆ ਗਿਆ ਹੈ ।

2. ਲੋਹੇ ਦੇ ਭਾਰ ਨੂੰ ਟਾਇਰਾਂ ਨਾਲ ਕਸਣ ਨਾਲ ਖਿਚਾਈ ਵਧਾਈ ਜਾ ਸਕਦੀ ਹੈ। ਜ਼ਿਆਦਾ ਭਾਰ ਹੋਣ ਕਰਕੇ ਟਾਇਰਾਂ ਦੀ ਤਿਲਕਣ ਘਟ ਜਾਂਦੀ ਹੈ ਅਰਥਾਤ ਟਾਇਰਾਂ ਦੀ ਘਸਾਈ ਘੱਟ ਹੁੰਦੀ ਹੈ ।

4. ਟਾਇਰਾਂ ਨੂੰ ਗਲਤ ਚਲਾਈ ਤੋਂ ਬਚਾਉਣਾ

ਟਰੈਕਟਰ ਨੂੰ ਚਲਾਉਣ ਸਮੇਂ ਕਲਚ ਇਕ ਦਮ ਨਹੀਂ ਛੱਡਣਾ ਚਾਹੀਦਾ ਅਤੇ ਨਾ ਹੀ ਤੇਜ ਰਫ਼ਤਾਰ ਤੇ ਟਰੈਕਟਰ ਨੂੰ ਇਕ ਦਮ ਬਰੇਕ ਲਾਉਣੀ ਚਾਹੀਦੀ ਹੈ ਇਸ ਤਰ੍ਹਾਂ ਕਰਨ ਨਾਲ ਟਾਇਰਾਂ ਉੱਪਰ ਬਹੁਤ ਮਾੜਾ ਅਸਰ ਪੈਂਦਾ ਹੈ । ਟਰਾਲੀ ਨੂੰ ਪਿੱਛੋਂ ਮੋੜਨ ਸਮੇਂ ਜਾਂ ਪਿੱਛੇ ਲੱਗੇ ਸੰਦਾਂ ਤਵੀਆਂ ਆਦਿ ਸਣੇ ਮੋੜਨ ਨਾਲ ਕਈ ਵਾਰ ਨਵੇਂ ਟਾਇਰਾਂ ਦੀਆਂ ਗੁੱਡੀਆਂ ਕਟੀਆਂ ਜਾਂਦੀਆਂ ਹਨ ਇਹੋ ਜਿਹੇ ਕੰਮ ਕਰਨ ਵੇਲੇ ਪੂਰਾ ਸਾਵਧਾਨ ਰਹਿਣਾ ਚਾਹੀਦਾ ਹੈ ।

5. ਟਾਇਰਾਂ ਤੇ ਨਵੀਂ ਰਬੜ ਚੜ੍ਹਾਉਣਾ

ਜੇਕਰ ਟਾਇਰਾਂ ਦੀ ਠੀਕ ਸੰਭਾਲ ਕੀਤੀ ਜਾਵੇ ਅਤੇ ਟਾਇਰਾਂ ਵਿੱਚ ਕੋਈ ਆਰਪਾਰ ਕੱਟ ਨਾ ਲੱਗਾ ਹੋਵੇ ਜਾਂ ਟਾਇਰਾਂ ਦੀਆਂ ਵੱਖੀਆਂ ਵਿੱਚ ਕਿਸੇ ਕਿਸਮ ਦੀਆਂ ਤਰੇੜਾਂ ਨਾ ਹੋਣ ਅਤੇ ਟਾਇਰਾਂ ਦੀ ਘਸਾਈ ਜ਼ਿਆਦਾ ਨਾ ਹੋਈ ਹੋਵੇ ਤਾਂ ਟਾਇਰਾਂ ਤੇ ਨਵੀਂ ਰਬੜ ਚੜ੍ਹਾ ਕੇ ਟਾਇਰਾਂ ਨੂੰ ਦੁਬਾਰਾ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ । ਅੱਜ ਕਲ੍ਹ ਬਜ਼ਾਰ ਵਿੱਚ ਨਵੀਂ ਰਬੜ ਚੜਾਉਣ ਦੀਆਂ ਕਈ ਦੁਕਾਨਾਂ ਹਨ ਇਸ ਤਰ੍ਹਾਂ ਕਰਨ ਨਾਲ ਟਾਇਰਾਂ ਦੀ ਉਮਰ ਵਧਾਈ ਜਾ ਸਕਦੀ ਹੈ ਅਤੇ ਕੀਮਤੀ ਧਨ

ਦੀ ਵੀ ਬੱਚਤ ਕੀਤੀ ਜਾ ਸਕਦੀ ਹੈ ।

6. ਪੈਰ ਨਾਲ ਹਵਾ ਭਰਨ ਵਾਲਾ ਪੰਪ

ਕਿਸਾਨ ਵੀਰ ਭਾਰੀ ਖ਼ਰਚਾ ਕਰਕੇ ਆਪਣੇ ਟਰੈਕਟਰ ਲਈ ਕਈ ਤਰ੍ਹਾਂ ਦੇ ਉਪਕਰਣ ਖ਼ਰੀਦਦੇ ਹਨ, ਜੇਕਰ ਥੋੜਾ ਜਿਹਾ ਹੋਰ ਖਰਚਾ ਕਰਕੇ ਇਕ ਪੈਰ ਨਾਲ ਹਵਾ ਭਰਨ ਵਾਲਾ ਪੰਪ ਵੀ ਖ਼ਰੀਦ ਕੇ ਆਪਣੇ ਪਾਸ ਰੱਖਿਆ ਹੋਵੇ ਤਾਂ ਲੋੜ ਪੈਣ ਤੇ ਆਪਣੇ ਟਰੈਕਟਰ ਅਤੇ ਟਰਾਲੀ ਦੇ ਟਾਇਰਾਂ ਵਿੱਚ ਆਪਣੇ ਘਰ ਵਿੱਚ ਹੀ ਹਵਾ ਭਰ ਸਕਦੇ ਹਨ । ਜਿਵੇਂ ਕਿ ਇਕ ਘਟ ਹਵਾ ਵਾਲੇ ਟਾਇਰਾਂ ਨੂੰ ਖੋਲ੍ਹ ਕੇ ਬਜ਼ਾਰ ਲੈ ਜਾਣਾ ਅਤੇ ਦੁਬਾਰਾ ਜੋੜਨ ਵਿੱਚ ਕਾਫ਼ੀ ਸਮਾਂ ਲਗ ਜਾਂਦਾ ਹੈ ਪੈਰ ਵਾਲਾ ਪੰਪ ਹੋਣ ਦੀ ਸੂਰਤ ਵਿੱਚ ਤੁਸੀਂ ਆਪਣਾ ਕੀਮਤੀ ਸਮਾਂ ਵੀ ਬਚਾ ਸਕਦੇ ਹੋ ਇਸ ਤਰ੍ਹਾ ਕਈ ਛੋਟੀਆਂ ਗੱਲਾਂ ਵੱਲ ਧਿਆਨ ਰੱਖਣ ਨਾਲ ਵੀ ਕਾਫ਼ੀ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ ।

ਕੁਝ ਹੋਰ ਜ਼ਰੂਰੀ ਸਾਵਧਾਨੀਆਂ :

1. ਟਾਇਰਾਂ ਨੂੰ ਖੋਲਣ ਵੇਲੇ ਠੀਕ ਔਜ਼ਾਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਇਸ ਦਾ ਰਿਮ ਨਾਲ ਲੱਗਣ ਵਾਲਾ ਹਿੱਸਾ ਬੀਡ ਅਤੇ ਟਿਊਬ ਤੇ ਬੁਰਾ ਪ੍ਰਭਾਵ ਨਾ ਪਾਵੇ । ਰਿਮ ਨੂੰ ਵੱਡੇ ਹਥੌੜਿਆਂ ਦੀ ਮਾਰ ਅਤੇ ਵਿੰਗੇ ਟੇਡੇ ਹੋਣ ਤੋਂ ਬਚਾਉਣਾ ਅਤੀ ਜ਼ਰੂਰੀ ਹੈ । ਰਿਮ ਨੂੰ ਜੰਗਾਲ ਲੱਗੇ ਹੋਣ ਦੀ ਸੂਰਤ ਵਿੱਚ ਜੰਗਾਲ ਨਾ ਲੱਗਣ ਦੇਣ ਵਾਲੇ ਰੰਗ ਦੀ ਵਰਤੋਂ ਕਰੋ ।

2. ਟਾਇਰਾਂ ਅਤੇ ਰਿਮ ਨੂੰ ਸਿੱਧਾ ਰੱਖਣ ਵਾਲੇ ਕਾਬਲੇ ਹਫ਼ਤੇ ਵਿੱਚ ਇਕ ਵਾਰੀ ਜ਼ਰੂਰ ਕੱਸਕੇ ਰੱਖਣੇ ਚਾਹੀਦੇ ਹਨ । ਟਾਇਰਾਂ ਦਾ ਵਿੰਗਾ ਟੇਡ਼ਾ ਚਲਣ ਨਾਲ ਟਾਇਰਾਂ ਦੀ ਘਸਾਈ ਬਹੁਤ ਵੱਧ ਜਾਂਦੀ ਹੈ ।

3. ਪਿਛਲੇ ਲਿੰਕਾਂ ਦੀਆਂ ਸੰਗਲੀਆਂ ਦੀ ਠੀਕ ਵਰਤੋਂ ਕਰਨੀ ਬਹੁਤ ਜ਼ਰੂਰੀ ਹੈ ਤਾਂ ਜੋ ਟਰੈਕਟਰ ਨੂੰ ਮੋੜਨ ਸਮੇਂ ਟਾਇਰਾਂ ਨਾਲ ਮਸ਼ੀਨਰੀ ਦੀ ਰਗੜ ਨਾ ਲੱਗੇ। ਕਈ ਵਾਰ ਰਗੜ ਕਾਰਨ ਟਾਇਰ ਦੀਆਂ ਗੁੱਡੀਆਂ ਕੱਟੀਆਂ ਜਾਂਦੀਆਂ ਹਨ ।

4. ਪੈਂਚਰ ਹੋਣ ਕਰਕੇ ਟਾਇਰਾਂ ਨੂੰ ਹਵਾ ਤੋਂ ਬਗੈਰ ਕਦੇ ਵੀ ਨਹੀਂ ਚਲਾਉਣਾ ਚਾਹੀਦਾ ।

5. ਟਾਇਰਾਂ ਨੂੰ ਤਿੱਖੀ ਧੁੱਪ, ਗਰੀਸ ਅਤੇ ਤੇਲ ਲੱਗਣ ਤੋਂ ਬਚਾਉਣਾ ਚਾਹੀਦਾ ਹੈ । ਧੁੱਪ ਨਾਲ ਟਾਇਰ ਪਾੜ ਜਾਂਦੇ ਹਨ ਅਤੇ ਗਰੀਸ, ਤੇਲ ਲਗਣ ਨਾਲ ਟਾਇਰ ਗਲ ਜਾਂਦੇ ਹਨ ।

6. ਪੱਕੀ ਸੜਕ ਤੇ ਟਰੈਕਟਰ ਦੀ ਵਰਤੋਂ ਕਰਨ ਸਮੇਂ ਟਾਇਰਾਂ ਨਾਲ ਵਾਧੂ ਭਾਰ ਦੀ ਵਰਤੋਂ ਨਹੀਂ ਕਰਨੀ ਚਾਹੀਦੀ ।

7. ਟਰੈਕਟਰ ਦੇ ਅਗਲੇ ਪਹੀਏ ਦੇ ਐਕਸਲ ਵਿਚਕਾਰ ਵਾਲੀ ਪਿੰਨ ਦੇ ਬੁਸ਼ ਅਤੇ ਅਗਲੇ ਪਹੀਏ ਦੇ ਬੈਰਿੰਗਾਂ ਦੀ ਢਿੱਲ ਨੂੰ ਸਮੇਂ ਸਿਰ ਠੀਕ ਕਰਦੇ ਰਹਿਣਾ

ਚਾਹੀਦਾ ਹੈ ਤਾਂ ਜੋ ਟਾਇਰ ਸਿੱਧੇ ਚਲਣ ਅਤੇ ਇਕਸਾਰ ਘਸਾਈ ਹੋਵੇ ।

8. ਜੇਕਰ ਟਰੈਕਟਰ ਨੂੰ ਜ਼ਿਆਦਾ ਦੇਰ ਖੜਾ ਰੱਖਣਾ ਹੋਵੇ ਤਾਂ ਜੈਕ ਦੀ ਵਰਤੋਂ ਨਾਲ ਟਾਇਰਾਂ ਨੂੰ ਜ਼ਮੀਨ ਤੋਂ ਉਪਰ ਉਠਾ ਦੇਣਾ ਚਾਹੀਦਾ ਹੈ ।

9. ਗਰਮੀਆਂ ਵਿੱਚ ਕਈ ਵਾਰ ਟਰੈਕਟਰ ਚਲਾਉਣ ਸਮੇਂ ਗਰਮੀ ਨਾਲ ਟਾਇਰਾਂ ਵਿੱਚ ਹਵਾ ਦਾ ਦਬਾਅ ਠੀਕ ਦਬਾਅ ਨਾਲੋਂ ਜ਼ਿਆਦਾ ਹੋ ਜਾਂਦਾ ਹੈ ਇਸ ਸਮੇਂ ਠੀਕ ਦਬਾਅ ਕਰਨ ਲਈ ਟਾਇਰ ਵਿਚੋਂ ਹਵਾ ਨਹੀਂ ਕਢਣੀ ਚਾਹੀਦੀ ਬਲਕਿ ਥੋੜਾ ਚਿਰ ਕੰਮ ਬੰਦ ਕਰ ਦੇਣਾ ਚਾਹੀਦਾ ਹੈ ਤਾਂ ਜੋ ਟਾਇਰ ਠੰਢੇ ਹੋ ਸਕਣ ।


ਹਾਈਡਰਾਲਿਕ ਸਿਸਟਮ

ਟਰੈਕਟਰ ਵਿਚਲੇ ਹਾਈਡਰਾਲਿਕ ਸਿਸਟਮ ਦਾ ਮਨੋਰਥ, ਟ੍ਰੈਕਟਰ ਨਾਲ ਲੱਗੇ ਉਪਕਰਣ ਨੂੰ ਕੰਟਰੋਲ ਵਿੱਚ ਰੱਖਣਾ ਹੈ ਭਾਵ ਇਸ ਨੂੰ ਇਕ ਥਾਂ ਤੋਂ ਦੂਸਰੀ ਥਾਂ ਲੈ ਜਾਣ ਵੇਲੇ ਜਾਂ ਖੇਤ ਵਿੱਚ ਕੰਮ ਕਰਨ ਵੇਲੇ ਉੱਚਾ-ਨੀਵਾਂ ਕਰਨ ਲਈ ਹਾਈਡਰਾਲਿਕ ਸਿਸਟਮ ਮਦਦ ਕਰਦਾ ਹੈ । ਇਹ ਵਾਹੀ ਦੀ ਡੂੰਘਾਈ ਨੂੰ ਕਾਬੂ ਵਿੱਚ ਰੱਖਣ 'ਚ ਵੀ ਸਹਾਇਤਾ ਕਰਦਾ ਹੈ । ਟਰੈਕਟਰਾਂ ਦੇ ਕੰਟਰੋਲ ਲਈ, ਅਜ-ਕੱਲ੍ਹ ਲਗਭਗ ਸਾਰੇ ਹੀ ਟਰੈਕਟਰਾਂ ਵਿੱਚ, ਤਿੰਨ ਥਾਵਾਂ ਤੇ ਜੋਤਣ ਦਾ ਆਮ ਰਿਵਾਜ ਹੋ ਗਿਆ ਹੈ। ਹਾਈਡਰਾਲਿਕ ਸਿਲੰਡਰਾਂ ਦੇ ਜ਼ਰੀਏ ਹਾਈਡਰਾਲਿਕ ਸਿਸਟਮ ਦੁਰੇਡੇ ਕੰਟਰੋਲ ਲਈ ਵੀ ਵਰਤਿਆ ਜਾ ਸਕਦਾ ਹੈ । ਇਹ ਸਿਲੰਡਰ ਟਰੈਕਟਰ ਦੇ ਹਾਈਡਰਾਲਿਕ ਸਿਸਟਮ ਵਿੱਚ ਪੈਦਾ ਹੋਣ ਵਾਲੇ ਦਬਾਅ ਦਾ ਇਸਤੇਮਾਲ ਕਰਦੇ ਹਨ । ਜ਼ਮੀਨ ਨੂੰ ਸਮਤਲ ਕਰਨ ਵਾਲਾ ਜੰਤਰ (ਲੈਂਡ ਲੈਂਵਲਰ), ਮਿੱਟੀ ਨੂੰ ਖ਼ੁਰਚਣ ਵਾਲਾ ਜੰਤਰ ਅਤੇ ਉਲਟਾਊ ਕਿਸਮ ਦਾ ਟਰੈਕਟਰ ਟ੍ਰੇਲਰ ਆਦਿ ਅਜਿਹੇ ਅਮਲ ਦੀਆਂ ਕੁਝ ਮਿਸਾਲਾਂ ਹਨ ।


ਹਾਈਡਰਾਲਿਕ ਸਿਸਟਮ ਦਾ ਉਚਿਤ ਧਿਆਨ ਰੱਖਣਾ ਤੇ ਠੀਕ ਸੰਭਾਲ ਕਰਨੀ ਜ਼ਰੂਰੀ ਹੈ । 60 ਘੰਟੇ ਕੰਮ ਕਰਨ ਤੋਂ ਬਾਅਦ, ਹਾਈਡਰਾਲਿਕ ਸਿਸਟਮ ਦੇ ਤੇਲ-ਤਲ ਦੀ ਜਾਂਚ ਕਰ ਲੈਣੀ ਚਾਹੀਦੀ ਹੈ ਅਤੇ ਉਚਿਤ ਤਲ ਕਾਇਮ ਰੱਖਣਾ ਚਾਹੀਦਾ ਹੈ । ਟ੍ਰਾਂਸਮਿਸ਼ਨ ਤੇਲ ਤਕਰੀਬਨ 1000 ਘੰਟੇ ਕੰਮ ਤੋਂ ਬਾਅਦ ਬਦਲਣਾ ਚਾਹੀਦਾ ਹੈ । ਸਾਰੇ ਜੋੜਾਂ ਤੇ ਟੂਟੀਆਂ ਦੀ ਚੰਗੀ ਤਰ੍ਹਾਂ ਜਾਂਚ-ਪੜਤਾਲ ਕਰ ਲੈਣੀ ਚਾਹੀਦੀ ਹੈ ਅਤੇ ਇਹ ਦੇਖ ਲੈਣਾ ਚਾਹੀਦਾ ਹੈ ਕਿ ਕਿਧਰੋਂ ਤੇਲ ਲੀਕ ਤਾਂ ਨਹੀਂ ਕਰ ਰਿਹਾ, ਜਾਂ ਮਿੱਟੀ-ਘੱਟਾ ਤਾਂ ਅੰਦਰ ਦਾਖ਼ਲ ਨਹੀਂ ਹੋ ਰਿਹਾ । ਸੰਦ ਨੂੰ ਉੱਪਰ ਚੁੱਕਣ ਲੱਗਿਆ ਅਤੇ ਛੇਕਣ ਲੱਗਿਆਂ, ਤੇਲ ਦਾ ਵਹਾਅ ਸਮੇਤ ਨਮੂਨੇ ਦੇ ਹਾਈਡਰਾਲਿਕ ਸਿਸਟਮ ਚਿੱਤਰ ਨੰ. 24 ਅਤੇ 25 ਵਿੱਚ ਦਿਖਾਏ ਗਏ ਹਨ।

ਡੈਸ਼-ਬੋਰਡ


ਡੈਸ਼-ਬੋਰਡ ਵਿਚ ਲੱਗੇ ਸਾਰੇ ਜੰਤਰਾਂ ਜਿਵੇਂ ਕਿ ਐਮਮੀਟਰ (ਬਿਜਲੀ ਧਾਰਾ ਸ਼ਕਤੀ-ਮਾਪਕ), ਤਾਪਮਾਨ-ਮਾਪਕ, ਤੇਲ-ਦਬਾਅ ਮਾਪਕ ਅਤੇ ਸਮਾਂ-ਮਾਪਕ ਆਦਿ ਦਾ ਆਪਣਾ-ਆਪਣਾ ਖਾਸ ਮਨੋਰਥ ਹੁੰਦਾ ਹੈ (ਚਿੱਤਰ ਨੰ: 26) । ਇਸ ਲਈ ਇਹ



ਚਿੱਤਰ ਨੰ. 24 : ਹਾਈਡਰਾਲਿਕ ਕੰਟਰੋਲ ਸਿਸਟਮ-ਸੰਦ ਚੁੱਕਣ ਦੀ ਕ੍ਰਿਆ (ਦੋਹਰੀ ਕ੍ਰਿਆ ਵਾਲਾ ਸਲੰਡਰ)



ਚਿੱਤਰ ਨੰ. 25 : ਹਾਈਡਰਾਲਿਕ ਸਿਸਟਮ-ਸੰਦ ਛੇਗਦਿਆਂ ਹੋਇਆ (ਦੋਹਰੀ ਕ੍ਰਿਆ ਵਾਲਾ ਸਲੰਡਰ)



ਚਿੱਤਰ ਨੰ. 26 : ਸਹੀ ਕੰਮ ਲਈ ਮੀਟਰ-ਬੋਰਡ ਨੂੰ ਹਮੇਸ਼ਾਂ ਚੈੱਕ ਕਰਦੇ ਰਹੋ


ਪੱਕਾ ਕਰ ਲੈਣਾ ਚਾਹੀਦਾ ਹੈ ਕਿ ਇਹ ਸਾਰੇ ਜੰਤਰ ਠੀਕ-ਠਾਕ ਕੰਮ ਕਰਦੇ ਹੋਣ। ਇੰਜਣ ਸਟਾਰਟ ਕਰਨ ਤੇ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਸਾਰੇ ਠੀਕ-ਠਾਕ ਚਲ ਰਹੇ ਹਨ ਜਾਂ ਨਹੀਂ। ਜੇ ਉਨ੍ਹਾਂ ਵਿਚੋਂ ਕੋਈ ਜੰਤਰ ਅਚਾਨਕ ਬੰਦ ਹੋ ਜਾਣ ਤਾਂ ਮੂਲ-ਕਾਰਨ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਕਾਰਨ ਲੱਭ ਜਾਣ ਤੇ ਨੁਕਸ ਨੂੰ ਛੇਤੀ ਦੂਰ ਕਰ ਲੈਣਾ ਚਾਹੀਦਾ ਹੈ । ਜਦੋਂ ਟਰੈਕਟਰ ਚਲ ਰਿਹਾ ਹੋਵੇ ਤਾਂ ਵੱਖੋ ਵੱਖ ਜੰਤਰਾਂ ਦੀ ਰੀਡਿੰਗ ਸਿਫ਼ਾਰਸ਼-ਸ਼ੁਦਾ ਨੰਬਰਾਂ ਦੇ ਮੁਤਾਬਕ ਹੋਣੀ ਚਾਹੀਦੀ ਹੈ।

ਟਰੈਕਟਰ ਦੀ ਸਮੇਂ-ਸਮੇਂ ਤੇ ਸਰਵਿਸ ਕਰਾਉਣਾ

ਟ੍ਰੈਕਟਰ ਦੀ ਸਰਵਿਸ ਕਰਾਉਣ ਲਈ ਸਭ ਤੋਂ ਵਧੀਆ ਗਾਈਡ ਹੈ, ਨਿਰਮਾਤਾ ਵੱਲੋਂ ਸਪਲਾਈ ਕੀਤੀ 'ਚਾਲਕ ਨਿਯਮ ਪੁਸਤਕ'। ਇਸ ਨਿਯਮ-ਪੁਸਤਕ ਵਿਚ ਖਾਸ-ਖਾਸ ਜਾਣਕਾਰੀ ਤੇ ਵੇਰਵਾ ਦਿੱਤਾ ਹੁੰਦਾ ਹੈ, ਪਰ ਏਥੇ ਅਸੀਂ ਆਮ ਵਰਤੇ ਜਾਣ ਵਾਲੇ ਪਹੀਆ ਕਿਸਮ ਦੇ ਟ੍ਰੈਕਟਰ ਦੀ, ਸਮੇਂ-ਸਮੇਂ ਸਰਵਿਸ ਦੀਆਂ ਲੋੜਾਂ ਬਾਰੇ ਸਾਧਾਰਨ ਜਾਣਕਾਰੀ ਦੇ ਰਹੇ ਹਾਂ ।

ਟ੍ਰੈਕਟਰ ਤੋਂ 10 ਘੰਟੇ ਕੰਮ ਲੈਣ ਤੋਂ ਬਾਅਦ ਉਸ ਦੀ ਸਫ਼ਾਈ ਕਰਨਾ

ੳ. ਕਰੈਂਕ-ਕੇਸ ਵਿਚ ਤੇਲ ਦਾ ਤਲ ਚੈੱਕ ਕਰ ਲਓ ਅਤੇ ਉਸ ਨੂੰ ਡੋਬ-ਛੜ ਤੇ ਲੱਗੇ ਨਿਸ਼ਾਨ ਤਕ ਭਰ ਲਓ (ਚਿੱਤਰ ਨੰ: 27)



ਚਿੱਤਰ ਨੰ. 27 : ਕਰੈਂਕ-ਕੇਸ ਵਿੱਚ ਤੇਲ ਦੀ ਮਾਤਰਾ ਡੋਬ ਛੜ ਤੇ ਲੱਗੇ ਨਿਸ਼ਾਨ ਤੱਕ

ਅ. ਟੈਂਕੀ ਵਿਚ ਡੀਜ਼ਲ ਦੇ ਤੇਲ ਦੀ ਜਾਂਚ-ਪੜਤਾਲ ਕਰ ਲਓ ਅਤੇ ਜੇ ਲੋੜ ਹੋਵੇ, ਤਾਂ ਉਸ ਵਿਚ ਹੋਰ ਡੀਜ਼ਲ ਪਾ ਦਿਓ ।

ੲ. ਰੇਡੀਏਟਰ ਵਿਚ ਵੀ ਪਾਣੀ ਦੀ ਦੇਖ-ਰੇਖ ਕਰ ਲੈਣੀ ਚਾਹੀਦੀ ਹੈ ਅਤੇ ਲੋੜ ਪੈਣ ਤੇ ਉਸ ਵਿੱਚ ਹੋਰ ਪਾਣੀ ਪਾ ਦਿਓ।

ਸ. ਪੌਣ-ਸੋਧਕ (ਏਅਰ ਕਲੀਨਰ) ਵਿੱਚ ਤੇਲ ਦਾ ਤਲ ਪਰਖ਼ ਲਓ। ਉਸ ਨੂੰ ਚੰਗੀ ਤਰ੍ਹਾਂ ਸਾਫ਼ ਕਰਕੇ, ਕਟੋਰੇ 'ਤੇ ਦੱਸੇ ਆਮ ਪੱਧਰ ਤੱਕ ਮੁੜ ਭਰ ਦਿਉ।

ਹ. ਬੈਟਰੀ ਦੇ ਸਿਰਿਆਂ ਅਤੇ ਬੈਟਰੀ ਵਿੱਚ ਪਾਣੀ ਦੇ ਤਲ ਦੀ ਜਾਂਚ-ਪੜਤਾਲ ਕਰ ਲਓ । ਜੇ ਲੋੜ ਹੋਵੇ ਤਾਂ ਉਸ ਵਿੱਚ ਕਸ਼ੀਦ ਕੀਤਾ ਪਾਣੀ ਇਸ ਤਰ੍ਹਾਂ ਪਾਓ ਕਿ ਪਾਣੀ ਪਲੇਟਾਂ ਤੋਂ ਲਗਪਗ 3 ਮਿਲੀਮੀਟਰ ਉੱਪਰ ਤਕ ਰਹੇ ।

ਕ. ਬੈੱਲਟ ਪੁੱਲੀ ਗੀਅਰ ਬੌਕਸ ਵਿਚਲੇ ਤੇਲ ਦਾ ਤਲ, ਜਦੋਂ ਕਿ ਪੁੱਲੀ ਨਾ ਚਲ ਰਹੀ ਹੋਵੇ, ਚੈੱਕ ਕਰ ਲਓ ਅਤੇ ਉਸ ਨੂੰ ਪਲੱਗ ਦੇ ਤਲ ਮੁੜ ਸੰਚਾਰ-ਤੇਲ ਨਾਲ ਭਰ ਦਿਓ ।

ਖ. ਅਗਲੇ ਧੁਰੇ ਦੀਆਂ ਤਕਲੀਆਂ ਅਤੇ ਸਟੀਅਰਿੰਗ ਦੇ ਖਿਚ-ਜੋੜਾਂ ਨੂੰ ਗਰੀਸ ਦੇ ਦਿਓ ।

ਗ. ਸਮਤਲ ਕਰਨ ਵਾਲੇ ਲੈਵਲ ਗੀਅਰ ਬੌਕਸ ਅਤੇ ਉੱਪਰ ਚੁੱਕਣ ਵਾਲੀ ਛੜ ਦੇ ਸਮਤਲ ਕਰਨ ਦੁਸਾਂਘੇ ਦੀਆਂ ਚੂੜੀਆਂ ਨੂੰ ਗਰੀਸ ਦਿਓ।

ਘ. ਅਗਲੇ ਅਤੇ ਪਿਛਲੇ ਟਾਇਰਾਂ ਵਿੱਚ ਹਵਾ ਦਬਾਅ ਲਗਪਗ 2 ਕਿਲੋ/ਸੈਂਟੀਮੀਟਰ^2 ਅਤੇ 1 ਕਿਲੋ/ਸੈਂਟੀਮੀਟਰ^2 ਹੋਣਾ ਚਾਹੀਦਾ ਹੈ ।

ਙ. ਟ੍ਰੈਕਟਰ ਦੇ ਅਲੱਗ-ਅਲੱਗ ਹਿੱਸਿਆਂ ਨੂੰ ਠੀਕ ਤਰ੍ਹਾਂ ਕਸ ਕੇ ਰੱਖਣ ਲਈ ਸਾਰੇ ਨੱਟ ਅਤੇ ਬੋਲਟ ਆਦਿ ਚੰਗੀ ਤਰ੍ਹਾਂ ਚੈੱਕ ਕਰ ਲਉ । ਜੇ ਕੋਈ ਨੱਟ-ਬੋਲਟ ਟੁੱਟੇ ਹੋਏ ਹੋਣ ਤਾਂ ਉਨ੍ਹਾਂ ਨੂੰ ਬਦਲ ਕੇ ਨਵੇਂ ਪਾ ਲਓ ।

ਚ. ਜੇ ਟਰੈਕਟਰ ਉਤੇ ਕੰਮ ਦੇ ਦੌਰਾਨ ਬਹੁਤ ਜ਼ਿਆਦਾ ਧੂੜ-ਮਿੱਟੀ ਤੇ ਗਰਦ ਜੰਮ ਗਈ ਹੋਵੇ ਤਾਂ ਉਸ ਨੂੰ ਸਾਫ਼ ਕਰਨ ਲਈ ਪਾਣੀ ਦੀ ਤੇਜ਼-ਤਿੱਖੀ ਤੇ ਜ਼ੋਰਦਾਰ ਧਾਰ ਨਾਲ ਧੋ ਲਓ । ਧੋਣ ਤੋਂ ਬਾਅਦ ਕਿਸੇ ਖੁਸ਼ਕ ਕੱਪੜੇ ਨਾਲ ਉਸ ਨੂੰ ਸਾਫ਼ ਕਰ ਲਓ।

ਛ. ਟ੍ਰੈਕਟਰ ਦੇ ਸਾਰੇ ਹਿੱਸਿਆਂ ਤੇ ਕਲ-ਪੁਰਜ਼ਿਆਂ ਦੀ ਖੂਬ ਚੰਗੀ ਤਰ੍ਹਾਂ ਜਾਂਚ-ਪੜਤਾਲ ਕਰੋ ਅਤੇ ਇਹ ਗੱਲ ਪੱਕੀ ਕਰ ਲਓ ਕਿ ਉਹ ਕਿਸੇ ਵੀ ਥਾਂ ਤੋਂ ਲੀਕ ਤਾਂ ਨਹੀਂ ਕਰ ਰਿਹਾ ।

ਟਰੈਕਟਰ ਤੋਂ 60 ਘੰਟੇ ਕੰਮ ਲੈਣ ਤੋਂ ਬਾਅਦ ਉਸ ਦੀ ਸਰਵਿਸ ਕਰਨਾ

ੳ. ਪੱਖੇ ਦੀ ਬੈੱਲਟ ਦੇ ਕਸਾਅ ਦੀ ਜਾਂਚ ਕਰੋ । ਲੋੜ ਹੋਵੇ, ਤਾਂ ਉਸ ਨੂੰ ਠੀਕ ਕਰ ਲਓ । ਬੈੱਲਟ ਵਿਚ ਵੱਧ ਤੋਂ ਵੱਧ 18 ਮਿਲੀਮੀਟਰ ਢਿੱਲ ਹੋਣੀ ਚਾਹੀਦੀ ਹੈ। ਜੇ ਬੈਲਟ ਖ਼ਰਾਬ ਹੋ ਗਈ ਹੋਵੇ ਤਾਂ ਜ਼ਿਆਦਾ ਘਸ ਗਈ ਹੋਵੇ, ਤਾਂ ਉਸ ਦੀ ਥਾਂ ਨਵੀਂ ਪੁਆ ਲਓ ।

ਅ. ਵਾਟਰ ਪੰਪ ਦੀ ਜਾਂਚ ਕਰ ਲਓ ਕਿ ਕਿਧਰੇ ਉਹ ਲੀਕ ਤਾਂ ਨਹੀਂ ਕਰ ਰਿਹਾ । ਲੋੜ ਹੋਵੇ ਤਾਂ ਪੈਕਿੰਗ ਨੂੰ ਕੱਸ ਦਿਓ ਜਾਂ ਬਦਲ ਲਓ ।


ੲ. ਪ੍ਰਾਇਮਰੀ ਫਿਊਲ ਫਿਲਟਰ ਦੇ ਮੋਰੀ-ਪਲੱਗ ਅਤੇ ਨਿਕਾਸ-ਨਾਲੀ ਨੂੰ ਢਿੱਲਾ ਕਰ ਦਿਓ ਅਤੇ ਥੋੜ੍ਹਾ ਜਿੰਨਾ ਫਿਊਲ ਬਾਹਰ ਵਗਣ ਦਿਓ, ਤਾਂ ਜੋ ਉਸ ਵਿਚ ਪਾਣੀ ਮਿਲ ਗਿਆ ਹੋਵੇ ਤਾਂ ਉਹ ਬਾਹਰ ਨਿਕਲ ਜਾਵੇ ।

ਸ. ਬਰੇਕਾਂ ਦੀ ਜਾਂਚ-ਪੜਤਾਲ ਕਰ ਲਓ । ਕੋਈ ਨੁਕਸ ਹੋਵੇ ਤਾਂ ਠੀਕ ਕਰ ਲਓ ਤਾਂ ਕਿ ਉਹ ਚੰਗੀ ਤਰ੍ਹਾਂ ਕੰਮ ਕਰਨ ।

ਹ. ਸੰਚਾਰ-ਤੇਲ ਦਾ ਲੈਵਲ ਚੈਕ ਕਰ ਲਓ । ਲੋੜ ਹੋਵੇ, ਤਾਂ ਹੋਰ ਤੇਲ ਪਾ ਲਓ ਤਾਂ ਕਿ ਤੇਲ ਦਾ ਤਲ ਡੋਬ-ਛੜ ਉੱਤੇ ਲੱਗੇ ਨਿਸ਼ਾਨ ਤਕ ਪੁੱਜ ਜਾਵੇ ।

ਕ. ਬੈਟਰੀ ਦੇ ਟਰਮੀਨਲਾਂ ਨੂੰ ਕੋਸੇ ਪਾਣੀ ਵਿਚ ਸੋਢਾ ਪਾ ਕੇ ਚੰਗੀ ਤਰ੍ਹਾਂ ਧੋ ਲਓ ਅਤੇ ਖੋਰ ਤੋਂ ਬਚਣ ਲਈ, ਸਿਰਿਆਂ ਨੂੰ ਪੈਟਰੋਲ ਜੈਲੀ ਨਾਲ ਚੋਪੜ ਦਿਓ ।

ਖ. ਡਾਇਨਮੋ ਨੂੰ ਐਡਜਸਟ ਕਰੋ ਤਾਂ ਕਿ ਇਹ ਠੀਕ ਤਰ੍ਹਾਂ ਨਾਲ ਚਾਰਜ ਕਰੇ। (ਚਿੱਤਰ 28)



ਚਿੱਤਰ ਨੰ. 28 : ਡਾਇਨਮੋ ਦੀ ਐਡਜਸਟਮੈਂਟ ਕਰਦੇ ਹੋਏ

ਗ. ਹੇਠ ਲਿਖੇ ਕਲ-ਪੁਰਜ਼ਿਆਂ ਨੂੰ ਲੁਬਰੀਕੇਟ ਕਰਨਾ ਜ਼ਰੂਰੀ ਹੈ

1. ਪੱਖੇ ਦੀ ਹੱਬ ਦਾ ਬੇਅਰਿੰਗ
2. ਥਰੋਟਲ-ਨਿਯੰਤਰਣ-ਲੀਵਰ
3. ਇੰਜਨ-ਕਲੱਚ ਨੂੰ ਛੱਡਣ ਵਾਲਾ ਬੇਅਰਿੰਗ
4. ਡਾਇਨਮੋ-ਬੇਅਰਿੰਗ

ਘ. ਪੂਰੇ ਦੇ ਪੂਰੇ ਪੌਣ-ਸੋਧਕ (ਏਅਰ-ਕਲੀਨਰ) ਨੂੰ ਮਿੱਟੀ ਦੇ ਤੇਲ ਨਾਲ ਧੋ ਕੇ ਸਾਫ਼ ਕਰ ਲਓ ।

ਙ. ਤੇਲ-ਲਾਈਨ ਦੀ ਜਾਂਚ ਕਰੋ ਕਿ ਉਹ ਕਿਧਰੋਂ ਲੀਕ ਨਾ ਕਰਦੀ ਹੋਵੇ ਅਤੇ ਉਸ ਨੂੰ ਚੰਗੀ ਤਰ੍ਹਾਂ ਸਾਫ਼ ਕਰ ਲਓ ।

ਥ. ਮੈਲ ਆਦਿ ਵਾਲੇ ਕਟੋਰੇ ਅਤੇ ਸਕਰੀਨ ਨੂੰ ਸਾਫ਼ ਕਰ ਲਓ ।

ਛ. ਰੈਡੀਏਟਰ ਦੇ ਪੰਖਾਂ ਨੂੰ ਸਾਫ਼ ਕਰ ਲਓ ।

ਜ. ਕਲੱਚ-ਪੈਡਲ ਦੀ ਫਰੀ ਪਲੇ ਦੀ ਜਾਂਚ ਕਰ ਲਓ । ਇਹ ਢਿੱਲ ਲਗਪਗ 18 ਮਿਲੀਮੀਟਰ ਹੋਣੀ ਚਾਹੀਦੀ ਹੈ ।

ਝ. ਸਾਰੇ ਨਿੱਪਲਾਂ ਨੂੰ ਗ੍ਰੀਸ ਦਿਉ ।


ਟ੍ਰੈਕਟਰ ਤੋਂ 250 ਘੰਟੇ ਕੰਮ ਲੈਣ ਤੋਂ ਬਾਅਦ ਉਸ ਦੀ ਸਰਵਿਸ ਕਰਨਾ

ੳ. ਇੰਜਨ ਦੇ ਸੰਪ (ਚਲ੍ਹ) ਵਿਚਲਾ ਤੇਲ ਕੱਢ ਦਿਓ ਅਤੇ ਉਸ ਵਿਚ ਸਫ਼ਾਈ ਕਰ ਲਓ ਅਤੇ ਮੁੜ ਉਸ ਵਿਚ ਸਿਫ਼ਾਰਸ਼ ਸ਼ੁਦਾ ਗਰੇਡ ਦਾ ਤੇਲ ਪਾ ਦਿਓ।


ਅ. ਫਿਊਲ ਇੰਜੈਕਸ਼ਨ ਪੰਪ 'ਚੋਂ ਤੇਲ ਬਾਹਰ ਵਗਾ ਦਿਉ ਅਤੇ ਉਸ ਨੂੰ ਦੁਬਾਰਾ ਤਾਜ਼ਾ ਇੰਜਣ ਤੇਲ ਨਾਲ ਭਰ ਲਓ ।

ੲ. ਤੇਲ-ਫਿਲਟਰ ਐਲੀਮੈਂਟ ਨੂੰ ਬਦਲ ਲਓ ਅਤੇ ਫਿਲਟਰ 'ਚੋਂ ਛਾਣ ਆਦਿ ਸਾਫ਼ ਕਰ ਦਿਓ ।

ਸ. ਧਾਂਤ ਦੀ ਜਾਲੀ ਵਾਲ ਤੇਲ-ਫਿਲਟਰ ਨੂੰ ਨਿਰਮਾਤਾ ਦੀਆਂ ਹਦਾਇਤਾਂ ਤੇ ਸਿਫ਼ਾਰਿਸ਼ਾਂ ਅਨੁਸਾਰ ਚੰਗੀ ਤਰ੍ਹਾਂ ਧੋ ਕੇ ਸਾਫ਼ ਕਰ ਲਓ ਅਤੇ ਦੂਜਿਆਂ ਨੂੰ ਬਦਲ ਦਿਓ । (ਚਿੱਤਰ 29 ਅਤੇ 30)



ਚਿੱਤਰ ਨੰ. 29 : ਸਿਫ਼ਾਰਸ਼ ਕੀਤੇ ਸਮੇਂ ਤੋਂ ਬਾਅਦ ਆਇਲ ਫਿਲਟਰ ਸਟਾਰ ਟਾਈਪ ਨੂੰ ਬਦਲ ਦਿਉ



ਚਿੱਤਰ ਨੰ. 30 : ਸਿਫ਼ਾਰਸ਼ ਕੀਤੇ ਸਮੇਂ ਤੋਂ ਬਾਅਦ ਆਇਲ ਫਿਲਟਰ ਸਪਿਨ ਟਾਈਪ ਨੂੰ ਬਦਲ ਦਿਉ

ਹ. ਡਾਇਨਮੋ, ਸਟਾਰਟਰ ਸਿਰਿਆਂ ਤੇ ਤਾਰਾਂ ਆਦਿ ਦੀ ਜਾਂਚ-ਪੜਤਾਲ ਕਰ ਲਓ ।

ਕ. ਸੰਚਾਰ-ਕੇਸ ਵਿਚ ਤੇਲ ਦੇ ਤਲ ਦੀ ਜਾਂਚ ਕਰ ਲਓ ਅਤੇ ਜੇ ਲੋੜ ਹੋਵੇ ਤਾਂ ਹੋਰ ਤੇਲ ਪਾ ਲਓ ।

ਖ. ਅਗਲੇ ਪਹੀਏ ਦੇ ਬੇਅਰਿੰਗਾਂ ਨੂੰ ਸਿਫ਼ਾਰਸ਼ ਸ਼ੁਦਾ ਗਰੇਡ ਦੀ ਗਰੀਸ ਲਾ ਕੇ ਰੀਪੈਕ ਕਰ ਲਓ (ਚਿੱਤਰ 31)।

ਗ. ਸਟਾਰਟਰ ਅਤੇ ਡਾਇਨਮੋ ਬੇਅਰਿੰਗਾ ਨੂੰ ਤੇਲ ਦਿਓ ।

ਘ. ਫਿਊਲ ਦੀ ਮੈਲ਼ ਵਾਲੇ ਕਟੋਰੇ ਦੀ ਪੋਣੀ ਨੂੰ ਸਾਫ਼ ਕਰ ਲਓ ਅਤੇ ਨਿਰਮਾਤਾ ਦੀਆਂ ਸਿਫ਼ਾਰਸ਼ਾਂ ਅਨੁਸਾਰ ਫਿਊਲ-ਫਿਲਟਰ ਬਦਲ ਕੇ ਨਵੇਂ ਪਾਓ ।

ਙ. ਸਟੀਅਰਿੰਗ ਬੌਕਸ ਦੇ ਤੇਲ-ਤਲ ਦੀ ਜਾਂਚ ਕਰ ਲਓ ਅਤੇ ਸਟੀਅਰਿੰਗ ਦੇ ਉੱਪਰਲੇ ਬੇਅਰਿੰਗ ਨੂੰ ਗਰੀਸ ਦਿਓ (ਚਿੱਤਰ 32)।


ਚ. ਫਿਊਲ ਇੰਜੈਕਸ਼ਨ ਪੰਪ ਬਰੀਦਰ ਨੂੰ ਮਿੱਟੀ ਦੇ ਤੇਲ ਨਾਲ ਧੋ ਲਓ ।

ਛ ਹਾਈਡਰਾਲਿਕ ਲਿਫਟ-ਹਾਊਸਿੰਗ ਵਿਚ ਤੇਲ ਦੇ ਤਲ ਨੂੰ ਚੈੱਕ ਕਰ ਲਓ ਅਤੇ ਜੇ ਲੋੜ ਹੋਵੇ, ਤਾਂ ਉਸ ਵਿਚ ਹੋਰ ਤੇਲ ਪਾ ਲਓ ।


ਜ. ਰੇਡੀਏਟਰ ਦੇ ਢੱਕਣ ਦੀ ਜਾਂਚ ਕਰੋ ।

ਝ. ਕੁਲੈਂਟ-ਜ਼ੀਰੋ ਆਰ ਹੋਰ ਪਾਓ ।

ਟ੍ਰੈਕਟਰ ਤੋਂ 500 ਘੰਟੇ ਕੰਮ ਲੈਣ ਤੋਂ ਬਾਅਦ ਉਸ ਦੀ ਸਰਵਿਸ ਕਰਨਾ




ਚਿੱਤਰ ਨੰ. 31 : ਅਗਲੇ ਪਹੀਏ ਦੇ ਬੇਅਰਿੰਗ ਨੂੰ ਗਰੀਜ਼ ਨਾਲ ਭਰਨਾ




ਚਿੱਤਰ ਨੰ. 32 : ਸਟੀਅਰਿੰਗ ਦੇ ਉਪਰਲੇ ਬੇਅਰਿੰਗ ਨੂੰ ਗਰੀਜ਼ ਦੇਣਾ

ੳ. ਕਰੈਂਕ ਕੇਸ ਬਰੀਦਰ ਅਸੈਂਬਲੀ ਨੂੰ ਬਾਹਰ ਕੱਢ ਕੇ ਚੰਗੀ ਤਰ੍ਹਾਂ ਸਾਫ਼ ਕਰ ਲਓ ।

ਅ. ਵਾਲਵ ਟੈਪੈਂਟ ਕਲੀਅਰੈਂਸ ਨੂੰ ਇਧਰ-ਉਧਰ ਖਿਸਕਾ ਕੇ ਠੀਕ ਥਾਂ ਤੇ ਬਿਠਾ ਲਉ, ਜਿਵੇਂ ਕਿ 'ਚਾਲਕ ਨਿਯਮ ਪੁਸਤਕ' ਵਿਚ ਦੱਸਿਆ ਗਿਆ ਹੈ (ਚਿੱਤਰ 33 ਅਤੇ 34)। ਆਮ ਤੌਰ ਤੇ ਪ੍ਰਵੇਸ਼-ਵਾਲਵਾਂ ਲਈ ਟੈਪਟ ਕਲੀਅਰੈਂਸ 0.17 ਤੋਂ



ਚਿੱਤਰ ਨੰ. 33 : ਵਾਲਵ ਟੇਪਟ ਕਲੀਅਰੈਂਸ ਨੂੰ ਠੀਕ ਕਰਨਾ



ਚਿੱਤਰ ਨੰ. 34 : ਦਿੱਤੇ ਹੋਏ ਤੀਰ ਨਿਸ਼ਾਨਾਂ ਤੇ ਵਾਲਵ ਕਲੀਅਰੈਂਸ ਚੈੱਕ ਕਰੋ

0.40 ਮਿਲੀਮੀਟਰ ਹੁੰਦੀ ਹੈ ਅਤੇ ਨਿਕਾਸ-ਵਾਲਵਾਂ ਲਈ 0.30 ਤੋਂ 0.53 ਮਿਲੀਮੀਟਰ।

ੲ. ਰੇਡੀਏਟਰ ਵਿਚ ਸੋਢੇ ਦਾ ਪਾਣੀ ਪਾ ਕੇ, ਉਸ ਨੂੰ ਚੰਗੀ ਤਰ੍ਹਾਂ ਸਾਫ਼ ਕਰ ਲਓ ਅਤੇ ਫਿਰ ਦੁਬਾਰਾ ਭਰ ਲਓ ।

ਸ. ਪ੍ਰਾਇਮਰੀ ਅਤੇ ਸੈਕੰਡਰੀ ਡੀਜ਼ਲ ਫਿਲਟਰਾਂ ਨੂੰ ਬਦਲੋ ।

ਹ. ਅਗਲੇ ਧੁਰੇ ਦੀ ਵਿਚਲੀ ਕਿੱਲੀ ਨੂੰ ਤੇਲ ਜਾਂ ਗਰੀਸ ਨਾਲ ਵਾਂਝ ਲਓ ।

ਟ੍ਰੈਕਟਰ ਤੋਂ 1000 ਘੰਟੇ ਕੰਮ ਲੈਣ ਤੋਂ ਬਾਅਦ ਉਸਦੀ ਸਰਵਿਸ ਕਰਨਾ

ੳ) ਇੰਜੈਕਟਰਾਂ ਦੀ ਸਰਵਿਸ ਡੀਲਰ ਜਾਂ ਕਿਸੇ ਚੰਗੀ ਵਰਕਸ਼ਾਪ ਤੋਂ ਕਰਵਾਉ।

ਅ) ਸੰਚਾਰ-ਤੇਲ ਨੂੰ ਬਦਲ ਲਉ ।

ੲ) ਸਟੀਅਰਿੰਗ ਗੀਅਰ ਬੌਕਸ 'ਚੋਂ ਪੁਰਾਣਾ ਤੇਲ ਕੱਢ ਕੇ ਉਸ ਦੀ ਥਾਂ ਨਵਾਂ ਤੇਲ ਉਚਿਤ ਪੱਧਰ ਤਕ ਭਰ ਦਿਉ ।

ਸ) ਫਿਊਲ-ਟੈਂਕੀ 'ਚੋ ਪੁਰਾਣਾ ਤੇਲ ਕੱਢ ਕੇ, ਉਸ ਨੂੰ ਚੰਗੀ ਤਰ੍ਹਾਂ ਸਾਫ਼ ਕਰ ਲਉ ।

ਹ) ਕਮਿਊਟੇਟਰ ਅਤੇ ਡਾਇਨਮੋ ਦੇ ਅਸਤਰਾਂ ਦੀ ਚੰਗੀ ਤਰ੍ਹਾਂ ਜਾਂਚ ਕਰ ਲਉ।

ਕ) ਸਿਲੰਡਰ ਦੇ ਢੱਕਣ ਨੂੰ ਲਾਹ ਕੇ ਵਾਲਵ ਦੇ ਸਪਰਿੰਗਾਂ ਦੀ ਜਾਂਚ ਕਰ ਲਉ ਅਤੇ ਟੈਪਟ ਕਲੀਅਰੈਂਸ ਨੂੰ ਚੈੱਕ ਕਰ ਲਉ ।

ਖ) ਠੀਕ ਲੁਬਰੀਕੇਸ਼ਨ ਲਈ ਰੌਕਰ ਆਰਮ ਅਸੈਂਬਲੀ ਦੀ ਚੰਗੀ ਤਰ੍ਹਾਂ ਜਾਂਚ-ਪੜਤਾਲ ਕਰ ਲਉ ।

ਗ) ਸਿਲੰਡਰ ਲਾਈਨਰਜ਼ ਦੀ ਚੰਗੀ ਤਰ੍ਹਾਂ ਜਾਂਚ ਕਰ ਲਉ ਕਿ ਕਿਧਰੇ ਘਸ ਤਾਂ ਨਹੀਂ ਗਏ ।

ਘ) ਕਰੈਂਕ ਸ਼ੈਫਟ ਬੇਅਰਿੰਗਾਂ ਦੀ ਵੀ ਜਾਂਚ ਕਰ ਲਉ ਕਿ ਜ਼ਿਆਦਾ ਤਾਂ ਨਹੀਂ ਘਸ ਗਏ ।

ਙ) ਪਿਸਟਨ ਤੇ ਰਿੰਗਾਂ ਦੀ ਵੀ ਪੜਤਾਲ ਕਰ ਲਉ ਕਿ ਕਿਧਰੇ ਖਰਾਬ ਤਾਂ ਨਹੀਂ ਹੋ ਗਏ ।

ਚ) ਪਿਛਲੇ ਧੁਰੇ ਦੇ ਬੇਅਰਿੰਗਾਂ ਦੀ ਜਾਂਚ ਕਰ ਲਉ ਅਤੇ ਉਨ੍ਹਾਂ ਨੂੰ ਡੀਲਰ ਰਾਹੀਂ ਸਿਫ਼ਾਰਸ਼ ਸ਼ੁਦਾ ਗਰੇਡ ਦੀ ਗਰੀਸ ਨਾਲ ਰੀਪੈਕ ਕਰਵਾ ਲਉ ।

ਛ) ਅਗਲੇ ਧੁਰੇ ਦੇ ਬੇਅਰਿੰਗਾਂ ਨੂੰ ਸਾਫ਼ ਕਰ ਲਉ ਅਤੇ ਗਰੀਸ ਲਾ ਕੇ ਮੁੜ ਪੈਕ ਕਰ ਲਉ ।

ਟ੍ਰੈਕਟਰ ਵਿੱਚ ਪੈਣ ਵਾਲੇ ਨੁਕਸ ਤੇ ਉਨ੍ਹਾਂ ਨੂੰ ਦੂਰ ਕਰਨ ਦੇ ਉਪਾਅ

ਇੰਜਨ ਦਾ ਮੁਸ਼ਕਲ ਨਾਲ ਚਾਲੂ ਹੋਣਾ ਜਾਂ ਨਾ ਚੱਲਣਾ

ਸੰਭਵ ਕਾਰਨ	ਉਪਾਅ
1. ਟੈਂਕੀ ਵਿੱਚ ਫਿਊਲ ਨਾ ਹੋਣਾ	ਟੈਂਕੀ ਨੂੰ ਸਾਫ਼ ਫਿਊਲ ਨਾਲ ਭਰ ਲਉ ।
2. ਫਿਊਲ ਵਿੱਚ ਪਾਣੀ ਮਿਲਿਆ ਹੋਣਾ	ਟੈਂਕੀ ਨੂੰ ਖਾਲੀ ਕਰ ਲਉ ਅਤੇ ਉਸ ਵਿੱਚ ਨਵਾਂ ਡੀਜਲ ਪਾ ਲਉ । ਟੈਂਕੀ ਵਿੱਚ ਫਿਊਲ ਸ਼ਾਮ ਨੂੰ ਪਾਉਣ ਦੀ ਆਦਤ ਪਾ ਲਉ ।
3. ਇੰਜਨ-ਤੇਲ ਦਾ ਬਹੁਤ ਜ਼ਿਆਦਾ ਸੰਘਣਾ ਹੋਣਾ	ਇੰਜਨ ਦੇ ਸੰਪ ਨੂੰ ਖਾਲੀ ਕਰਕੇ, ਉਸ ਨੂੰ ਦੋਬਾਰਾ ਠੀਕ ਗਰੇਡ ਦੇ ਤੇਲ ਨਾਲ ਭਰ ਲਓ ।
4. ਤਾਰਾਂ ਦਾ ਨੁਕਸਦਾਰ ਜਾਂ ਢਿੱਲੀਆਂ ਹੋਣਾ	ਕਨੈੱਕਸ਼ਨ ਕਸ ਲਓ ਜਾਂ ਨਵੀਆਂ ਤਾਰਾਂ ਪੁਆ ਲਓ ।
5. ਇੰਜਨ ਦਾ ਕੰਮਪ੍ਰੈਸ਼ਨ (ਦਬਾਅ) ਘੱਟ ਹੋਣਾ	ਟੈਪਟ ਕਲੀਅਰੈਂਸ, ਵਾਲਵਾਂ ਤੇ ਹੈੱਡ ਗਾਸਕਟ ਦੀ ਜਾਂਚ ਕਰ ਲਓ ਕਿ ਕਿਧਰੇ ਉਹ ਖਰਾਬ ਤਾਂ ਨਹੀਂ । ਟੈਪਟ ਕਲੀਅਰੈਂਸ ਨੂੰ ਠੀਕ ਕਰ ਲਓ ਅਤੇ ਜੇ ਲੋੜ ਹੋਵੇ ਤਾਂ ਹੈੱਡ-ਗਾਸਕਟ ਨੂੰ ਬਦਲ ਲਓ । ਠੀਕ ਦਬਾਅ ਦਾ ਪਤਾ ਕਰਨ ਲਈ ਦਬਾਅ-ਮਾਪਕ ਵਰਤੋ ਜਾਂ ਨੇੜ-ਤੇੜ ਦੇ ਦਬਾਅ ਦਾ ਠੀਕ ਪਤਾ ਕਰਨ ਲਈ ਹੈੱਡ ਕਰੈਂਕ ਵਰਤੋ, ਜਿਸ ਨਾਲ ਕਿ ਵਾਲਾਂ ਤੇ ਪਿਸਟਨ ਰਿੰਗਾਂ ਦੀ ਹਾਲਤ ਦਾ ਸੰਕੇਤ ਮਿਲਦਾ ਹੈ ।

6. ਸਿਲੰਡਰ ਵਿੱਚ ਪਾਣੀ ਪੈ ਜਾਣਾ	ਇਹ ਜਾਂਚ ਕਰ ਲਓ ਕਿ ਕਿਧਰੇ ਹੈੱਡ ਗਾਸਕਟ ਲੀਕ ਤਾਂ ਨਹੀਂ ਕਰ ਰਿਹਾ ਜਾਂ ਫਿਰ ਸਿਲੰਡਰ-ਬਲਾਕ ਤਿੜਕ ਜਾਂ ਪਾਟ ਤਾਂ ਨਹੀਂ ਗਿਆ । ਇਸ ਨੁਕਸ ਦਾ ਪਤਾ ਆਮ ਤੌਰ ਤੇ ਇਸ ਗੱਲ ਤੋਂ ਲੱਗਦਾ ਹੈ ਕਿ ਜੇ ਟਰੈਕਟਰ ਲਗਾਤਾਰ ਕੁਝ ਘੰਟੇ ਜਾਂ ਰਾਤ ਭਰ ਖੜ੍ਹਾ ਰਹੇ ਤਾਂ ਸਟਾਰਟ ਕਰਨ ਤੇ ਇੰਜਨ ਮੁਸ਼ਕਲ ਨਾਲ ਚਾਲੂ ਹੁੰਦਾ ਹੈ ਅਤੇ ਮਿਸ ਕਰਦਾ ਹੈ, ਜਦ ਤਕ ਕਿ ਖ਼ੂਬ ਚੰਗੀ ਤਰ੍ਹਾਂ ਗਰਮ ਨਹੀਂ ਹੋ ਜਾਂਦਾ । ਜੇ ਰੇਡੀਏਟਰ ਵਿਚੋਂ ਪਾਣੀ, ਬੁਖਾਰਾਤ ਬਣ ਕੇ ਉੱਡਣ ਤੋਂ ਬਗੈਰ ਖਤਮ ਹੋ ਜਾਏ, ਤਾਂ ਸਮਝ ਲਓ ਕਿ ਸਿਲੰਡਰ ਵਿੱਚ ਇਹੀ ਨੁਕਸ ਹੈ ।
7. ਅੰਦਰੂਨੀ ਤੌਰ ਤੇ ਜਾਮ ਹੋਣਾ	ਇੰਜਨ ਦੇ ਅੰਦਰੋਂ ਜਾਮ ਹੋਣ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਕਿ ਕਈ ਗੱਲਾਂ ਕਰਕੇ ਲੋੜ ਤੋਂ ਜ਼ਿਆਦਾ ਗਰਮ ਹੋ ਜਾਣਾ । ਜ਼ਿਆਦਾ ਗਰਮ ਹੋਣ ਦੇ ਕਾਰਨ ਹੁੰਦੇ ਹਨ, ਤੇਲ ਦੀ ਕਮੀ, ਸੀਤਕ ਸਿਸਟਮ ਵਿੱਚ ਪਾਣੀ ਦੀ ਘਾਟ, ਇੰਜਨ ਦੇ ਨਾਲ ਬੈਲਟ-ਪਾਵਰ ਦਾ ਲੰਮੇ ਦਾਅ ਠੀਕ ਨਾ ਹੋਣਾ ਜਾਂ ਫਿਰ ਓਵਰਹਾਲ ਕੀਤੇ ਇੰਜਨ ਦੀ ਫਿਟਿੰਗ ਟਾਈਟ ਹੋਣਾ । ਇਨ੍ਹਾਂ ਸਾਰੇ ਨੁਕਸਾਂ ਨੂੰ ਦੂਰ ਕਰਨ ਦੇ ਉਪਾਅ ਸਪਸ਼ਟ ਹੀ ਹਨ ।
8. ਬਹੁਮੁਖੀ ਅੰਤਰਗ੍ਰਾਹੀ ਗਾਸਕਟ ਦਾ ਲੀਕ ਕਰਨਾ	ਧਿਆਨ ਨਾਲ ਦੇਖੋ ਕਿ ਕਿਧਰੇ ਗਾਸਕਟਾਂ ਦੇ ਆਲੇ-ਦੁਆਲੇ ਤੇਲ ਤਾਂ ਨਹੀਂ ਲੱਗਾ ਹੋਇਆ । ਜੋੜਾਂ ਦੇ ਕੋਲ ਤੇਲ ਲੱਗਾ ਹੋਇਆ ਹੋਵੇ, ਤਾਂ ਸਮਝ ਲਓ ਕਿ ਗਾਸਕਟ ਵਿੱਚ ਛੇਕ ਹਨ । ਇਸ ਸੂਰਤ ਵਿੱਚ ਗਾਸਕਟ ਬਦਲ ਦਿਓ ।

ਇੰਜਨ ਦਾ ਘੱਟ ਜਾਂ ਵੱਧ ਰਫ਼ਤਾਰ ਤੇ ਚੱਲਣਾ

1. ਇੰਜਨ ਦਾ ਬਹੁਤ ਜ਼ਿਆਦਾ ਗਰਮ ਹੋ ਜਾਣਾ	ਸੀਤਕ ਸਿਸਟਮ ਅਤੇ ਪੱਖਾ-ਪੇਟੀ ਦੀ ਜਾਂਚ ਕਰ ਲਓ ।
2. ਇੰਜਨ ਦਾ ਟਾਈਮਿੰਗ ਗਲਤ ਹੋਣਾ	ਟਾਈਮਿੰਗ ਚੈੱਕ ਕਰ ਲਓ ਅਤੇ ਲੋੜ ਪਏ, ਤਾਂ ਇੰਜਨ ਦਾ ਟਾਈਮਿੰਗ ਠੀਕ ਡਿਗਰੀ ਤੇ ਬੰਨ੍ਹੋ ।

3. ਤੇਲ ਦਾ ਖਰਾਬ ਹੋਣਾ	ਸਾਰਾ ਤੇਲ ਕੱਢ ਦਿਓ ਤੇ ਉਸ ਦੀ ਥਾਂ ਟੈਂਕੀ ਨੂੰ ਨਵੇਂ ਸਿਰਿਓਂ ਚੰਗੇ ਸਾਫ਼-ਸੁਥਰੇ ਫਿਊਲ ਨਾਲ ਭਰੋ ।
4. ਬਹੁਮੁਖੀ ਅੰਤਰਗ੍ਰਾਹੀ ਦੇ ਨੇੜੇ-ਤੇੜੇ ਕਿਧਰੋਂ ਹਵਾ ਦਾ ਲੀਕ ਕਰਨਾ	ਗਾਸਕੈਟਾਂ ਨੂੰ ਕੱਸ ਦਿਓ ਜਾਂ ਉਨ੍ਹਾਂ ਦੀ ਥਾਂ ਨਵੇਂ ਪੁਆ ਲਓ ।
5. ਇੰਜਨ ਦੇ ਵਾਲਵ ਦਾ ਲੀਕ ਕਰਨਾ	ਟੈਪਟ ਕਲੀਅਰੈਂਸ ਦੀ ਜਾਂਚ ਕਰੋ ਜਾਂ ਫਿਰ ਵਾਲਵਾਂ ਦੀ ਕਿਸੇ ਸਰਵਿਸ ਵਰਕਸ਼ਾਪ ਤੋਂ ਚੰਗੇ ਸਿਆਣੇ ਮਕੈਨਿਕ ਪਾਸੋਂ ਸਰਵਿਸ ਕਰਵਾ ਲਓ ।
6. ਸਿਲੰਡਰਾਂ ਵਿੱਚ ਤੇਲ ਜਾਣਾ	ਪੌਣ-ਸੋਧਕ ਵਿੱਚ ਤੇਲ ਦਾ ਤਲ ਚੈੱਕ ਕਰ ਲਓ । ਲੋੜ ਪਏ ਤਾਂ ਸਰਵਿਸ ਕਰਨ ਵਾਲੇ ਨੂੰ ਬੁਲਾ ਲਓ ।
7. ਜੋੜਾਂ, ਥਰੌਟਲ ਸ਼ਾਫ਼ਟ ਤੇ ਥਰੌਟਲ ਸ਼ਾਫ਼ਟ ਬੇਅਰਿੰਗ ਦਾ ਘਸੇ ਜਾਂ ਟੁੱਟੇ ਹੋਏ ਹੋਣਾ	ਘਸੇ ਹੋਏ ਜਾਂ ਟੁੱਟੇ ਹੋਏ ਪੁਰਜ਼ੇ ਬਦਲ ਦਿਓ ।
8. ਗਤੀ ਨਿਯੰਤਰਕ ਸਿਸਟਮ ਦਾ ਬੇਕਾਬੂ ਹੋਣਾ	ਇਹ ਨੁਕਸ ਆਮ ਤੌਰ ਤੇ ਜੋੜਾਂ ਦੇ ਇਧਰ ਉਧਰ ਮੁੜ ਜਾਣ ਕਾਰਨ ਪੈਦਾ ਹੁੰਦਾ ਹੈ । ਜੋੜਾਂ ਨੂੰ ਥੋੜ੍ਹਾ ਜਿਹਾ ਮੋੜ ਕੇ ਅਤੇ ਗਰੀਜ਼ ਦੇ ਕੇ ਇਕ ਸੇਧ ਵਿੱਚ ਕਰ ਲਓ ਅਤੇ ਉਨ੍ਹਾਂ ਨੂੰ ਤੰਗੀ ਨਾਲ ਸਾਫ਼ ਕਰ ਲਓ ।
9. ਨਿਕਾਸ ਨਾਲੀ ਦਾ ਰੁਕ ਜਾਣਾ	ਨਿਕਾਸ ਨਾਲੀ 'ਚ ਪਏ ਦੰਦੇ-ਵਾਢੇ ਤੇ ਹੋਰ ਰੋਕਾਂ ਆਦਿ ਠੀਕ ਕਰ ਲਓ ।
10. ਹਵਾ ਦਾ ਬੰਦ ਹੋ ਜਾਣਾ	ਸਾਰੀ ਦੀ ਸਾਰੀ ਤੇਲ ਲਾਈਨ ਦੀ ਜਾਂਚ ਕਰ ਲਓ ਕਿ ਕਿਧਰੇ ਡੀਜ਼ਲ ਤਾਂ ਲੀਕ ਨਹੀਂ ਕਰਦਾ ਜਾਂ ਹਵਾ ਤਾਂ ਨਹੀਂ ਰੁਕਦੀ। ਜੇ ਇਹ ਨੁਕਸ ਹੋਣ ਤਾਂ ਠੀਕ ਕਰ ਲਓ । ਤੇਲ-ਟੈਂਕੀ ਵਿੱਚ ਤੇਲ ਦਾ ਤਲ ਠੀਕ ਰੱਖੋ ।

ਇੰਜਣ ਦਾ ਖੜਕਣਾ

1. ਇੰਜਣ ਵਿੱਚ ਬਹੁਤ ਜ਼ਿਆਦਾ ਕਾਰਬਨ ਜੰਮ ਜਾਣਾ	ਸਿਲੰਡਰ ਹੈੱਡ ਅਤੇ ਢੱਕਣ ਖੋਲ੍ਹ ਕੇ ਕਾਰਬਨ ਖੁਰਚ ਦਿਓ ਅਤੇ ਜੋ ਵਾਲ ਇੰਜਣ ਦੇ ਉੱਪਰ ਲੱਗੇ ਹੋਣ, ਤਾਂ ਉਨ੍ਹਾਂ ਨੂੰ ਮੁੜ ਚੰਗੀ ਤਰ੍ਹਾਂ ਸੈੱਟ ਕਰ ਦਿਓ ।
2. ਘਸੇ ਹੋਏ ਬੇਅਰਿੰਗ, ਗੁੱਟ ਪਿੰਨ ਅਤੇ ਪਿਸਟਨ	ਬੇਅਰਿੰਗ ਬਦਲ ਦਿਓ, ਜੇ ਗੁੱਟ-ਪਿੰਨ ਜ਼ਿਆਦਾ ਘਸ ਗਏ ਹੋਣ, ਤਾਂ ਉਹ ਵੀ ਬਦਲ ਦਿਓ, ਜੇ ਸਿਲੰਡਰ ਦੇ ਪਾਸੇ ਅਤੇ ਪਿਸਟਨ ਘਸ ਗਏ ਹੋਣ ਤਾਂ ਪਿਸਟਨ ਵੀ ਨਵੇਂ ਪੁਆ ਲਓ ।

3. ਨੁਕਸਦਾਰ ਟੂਟੀਆਂ (ਨੋਜ਼ਲਜ਼)	ਟੂਟੀਆਂ ਨੂੰ ਚੈੱਕ ਕਰ ਲਓ ਅਤੇ ਸਫ਼ਾਈ ਕਰ ਲਓ ।
4. ਗਲਤ ਪੰਪ-ਟਾਈਮਿੰਗ	ਕਿਸੇ ਚੰਗੀ ਤੇ ਅਧਿਕਾਰ ਪ੍ਰਾਪਤ ਵਰਕਸ਼ਾਪ ਤੋਂ ਪੰਪ ਦੀ ਜਾਂਚ ਕਰਾ ਲਓ ।

ਇੰਜਨ ਦਾ ਘੱਟ ਸ਼ਕਤੀ ਪੈਦਾ ਕਰਨਾ

1. ਇੰਜਨ ਤੇ ਜ਼ਿਆਦਾ ਭਾਰ ਹੋਣਾ	ਭਾਰ ਘੱਟ ਕਰ ਲਓ ।
2. ਇੰਜਣ ਦਾ ਠੰਡੇ ਹੋਣਾ	ਭਾਰ ਲੱਦਣ ਤੋਂ ਪਹਿਲਾਂ ਇੰਜਨ ਨੂੰ ਗਰਮ ਹੋ ਲੈਣ ਦਿਓ । ਰੇਡੀਏਟਰ ਸ਼ਟਰ ਅਤੇ ਤਾਪ ਸਥਾਪੀ (ਥਰਮੋਸਟੈਟ) ਦੀ ਜਾਂਚ ਕਰ ਲਓ ।
3. ਇੰਜਣ ਦਾ ਜ਼ਿਆਦਾ ਗਰਮ ਹੋ ਜਾਣਾ	ਸੀਤਕ-ਸਿਸਟਮ ਅਤੇ ਪੱਖਾ-ਪੇਟੀ/ਬੈਲਟ ਦੀ ਜਾਂਚ ਕਰ ਲਓ ।
4. ਫਿਊਲ ਟੈਂਕੀ ਦੀ ਪੌਣ-ਮੋਰੀ ਦਾ ਰੁਕ ਜਾਣਾ	ਪੌਣ-ਮੋਰੀ ਨੂੰ ਚੈੱਕ ਕਰ ਲਓ ।
5. ਨਿਕਾਸ ਪਾਈਪ ਦਾ ਰੁਕ ਜਾਣਾ	ਉਸ ਨੂੰ ਸਾਫ਼ ਕਰ ਲਓ ।
6. ਗਲਤ ਇੰਜੈਕਸ਼ਨ ਟਾਈਮਿੰਗ	ਚੈੱਕ ਕਰ ਲਓ ਅਤੇ ਟਾਈਮ ਮੁੜ ਸੈੱਟ ਕਰ ਲਓ ।
7. ਕਲੱਚ ਦਾ ਸਲਿੱਪ ਕਰਨਾ	ਕਲੱਚ ਨੂੰ ਠੀਕ ਥਾਂ ਸਿਰ ਬਿਠਾ ਲਓ ਜਾਂ ਕਿਸੇ ਤਜ਼ਰਬੇਕਾਰ ਮਕੈਨਿਕ ਪਾਸੋਂ ਸਰਵਿਸ ਕਰਾ ਲਓ ।
8. ਬਰੇਕਾਂ ਠੀਕ ਨਾ ਲੱਗਣਾ	ਬਰੇਕਾਂ ਠੀਕ ਕਰਵਾ ਲਓ ।
9. ਘੱਟ ਦਬਾਅ	ਵਾਲਵਾਂ ਤੇ ਪਿਸਟਨਾਂ ਦੀ ਸਰਵਿਸ ਕਰਵਾ ਲਓ । ਦਬਾਅ-ਮਾਪਕ ਨਾਲ ਦਬਾਅ ਜਾਂਚ ਕਰ ਲਓ ।
10. ਫ਼ਿਊਲ ਲਾਈਨ ਦਾ ਕਿਸੇ ਹੱਦ ਤੱਕ ਰੁਕ ਜਾਣਾ	ਫ਼ਿਊਲ-ਲਾਈਨ, ਮੈਲ-ਕਟੋਰੇ ਤੇ ਫਿਲਟਰਾਂ ਨੂੰ ਸਾਫ਼ ਕਰ ਲਓ । ਦੇਖ ਲਓ ਕਿ ਤੇਲ ਲਾਈਨ ਕਿਧਰੋਂ ਚਿੱਬੀ ਜਾਂ ਪਿਚਕੀ ਹੋਈ ਤਾਂ ਨਹੀਂ ।
11. ਪੌਣ-ਸੋਧਕ ਦਾ ਰੁਕੇ ਹੋਏ ਹੋਣਾ	ਪੌਣ-ਸੋਧਕ ਨੂੰ ਲਾਹ ਕੇ, ਪੌਣ-ਪ੍ਰਵੇਸ਼-ਪਾਈਪ ਨੂੰ ਸਾਫ਼ ਕਰ ਲਓ । ਸਾਰੇ ਹਿੱਸਿਆਂ ਨੂੰ ਧੋ ਲਓ ।
12. ਓਵਰ ਹਾਲ ਕੀਤਾ ਇੰਜਣ	ਫ਼ਿਟਿੰਗ ਦਾ ਬਹੁਤ ਟਾਈਟ ਤੇ ਕੱਸਵੀਂ ਹੋਣਾ । ਕੁਝ ਘੰਟਿਆਂ ਲਈ ਇੰਜਣ ਨੂੰ ਬਗੈਰ ਭਾਰ ਤੋਂ ਚਲਾਉ ਤੇ ਫਿਰ ਚੰਗੀ ਤਰ੍ਹਾਂ ਤੇਲ ਗਰੀਜ਼ ਆਦਿ ਦੇ ਦਿਓ ।

13. ਨੁਕਸਦਾਰ ਟੂਟੀਆਂ/ਨੋਜ਼ਲਾਂ	ਟੂਟੀਆਂ ਨੂੰ ਚੈੱਕ ਕਰਵਾ ਲਓ ਅਤੇ ਫਿਰ ਉਨ੍ਹਾਂ ਦੀ ਸਰਵਿਸ ਕਰਵਾ ਲਓ ।
14. ਨੁਕਸਦਾਰ ਪੰਪ-ਟਾਈਮਿੰਗ	ਕਿਸੇ ਅਧਿਕਾਰ ਪ੍ਰਾਪਤ ਡੀਲਰ ਪਾਸੋਂ ਪੰਪ ਚੈੱਕ ਕਰਵਾ ਲਓ ।
15. ਹਵਾ ਬੰਦ ਹੋਣਾ	ਸਾਰੀ ਤੇਲ ਲਾਈਨ ਨੂੰ ਚੈੱਕ ਕਰ ਲਓ ਕਿ ਕਿਧਰੇ ਲੀਕ ਤਾਂ ਨਹੀਂ ਕਰ ਰਹੀ । ਟੈਂਕੀ ਉੱਤੇ ਲੱਗੇ ਢੱਕਣ ਨੂੰ ਵੀ ਚੈਕ ਕਰੋ।

ਇੰਜਣ ਦਾ ਜ਼ਿਆਦਾ ਗਰਮ ਹੋਣਾ

1. ਸੀਤਕ ਸਿਸਟਮ ਵਿੱਚ ਕਾਫ਼ੀ ਪਾਣੀ ਨਾ ਹੋਣਾ	ਰੇਡੀਏਟਰ ਨੂੰ ਲੋੜੀਂਦੇ ਲੈਵਲ ਤੱਕ ਭਰ ਲਓ ।
2. ਵਾਧੂ ਭਾਰ	ਭਾਰ ਘੱਟ ਕਰ ਦਿਓ ।
3. ਪੱਖਾ-ਪੇਟੀ/ਬੈਲਟ ਦਾ ਤਿਲਕਣਾ	ਪੇਟੀ ਦੀ ਜਾਂਚ ਕਰਕੇ, ਉਸ ਨੂੰ ਠੀਕ ਤਰ੍ਹਾਂ ਕਸ ਲਓ ਜਾਂ ਨਵੀਂ ਪੇਟੀ ਪੁਆ ਲਓ ।
4. ਰੇਡੀਏਟਰ-ਕੋਰ ਵਿੱਚ ਕੱਖ ਕਾਣ ਜਾਂ ਫੂਸ-ਫਾਸ ਫ਼ਸ ਜਾਣਾ	ਸੀਖ਼ਦਾਰ ਜਾਲੀ ਅਤੇ ਰੇਡੀਏਟਰ ਦੇ ਧੁਰ ਅੰਦਰੋਂ ਕੱਖ-ਕਾਣ ਆਦਿ ਕੱਢ ਕੇ ਸਾਫ਼ ਕਰ ਦਿਓ ।
5. ਸੀਤਕ ਸਿਸਟਮ ਵਿੱਚ ਚੂਨਾ ਰੁਕ ਜਾਣਾ	ਸਿਸਟਮ ਨੂੰ ਸਾਫ਼ ਕਰ ਲਓ ।
6. ਇੰਜਣ ਵਿੱਚ ਜ਼ਿਆਦਾ ਕਾਰਬਨ ਜੰਮ ਜਾਣਾ	ਕਾਰਬਨ ਨੂੰ ਖ਼ੁਰਚ ਦਿਓ ।
7. ਰੇਡੀਏਟਰ ਸ਼ਟਰ ਦਾ ਨਾ ਖੁੱਲ੍ਹਣਾ	ਤਾਪ-ਸਥਾਪੀ ਨੂੰ ਪਾਣੀ ਦੇ ਕਿਸੇ ਬਰਤਨ ਵਿੱਚ ਪਾ ਕੇ ਉਚਿੱਤ ਤਾਪਮਾਨ ਟੈਸਟ ਕਰ ਲਓ ਅਤੇ ਸ਼ਟਰ ਨੂੰ ਠੀਕ ਕਰ ਲਓ ।
8. ਨੁਕਸਦਾਰ ਟੂਟੀਆਂ/ਨੋਜ਼ਲਾਂ	ਟੂਟੀਆਂ ਦੀ ਜਾਂਚ ਕਰਕੇ ਸਰਵਿਸ ਕਰਵਾ ਲਉ ।
9. ਗਲਤ ਪੰਪ-ਟਾਈਮਿੰਗ	ਕਿਸੇ ਅਧਿਕਾਰ ਪ੍ਰਾਪਤ ਡੀਲਰ ਪਾਸੋਂ ਪੰਪ ਦੀ ਜਾਂਚ ਕਰਵਾ ਲਓ ।

ਮੋਬਿਲ ਆਇਲ ਦਾ ਦਬਾਅ ਬਹੁਤ ਘੱਟ ਹੋਣਾ

1. ਕਰੈਂਕ ਕੇਸ ਵਿੱਚ ਤੇਲ-ਤਲ ਦਾ ਨੀਵਾਂ ਹੋਣਾ	ਕਰੈਂਕ ਕੇਸ ਨੂੰ ਸਿਫ਼ਾਰਸ਼ ਕੀਤੇ ਪੱਧਰ ਤੱਕ ਭਰ ਲਓ ।
2. ਘਟੀਆ ਦਰਜੇ ਦਾ ਤੇਲ; ਜਾਂ ਤੇਲ ਦਾ ਪਤਲੇ ਹੋਣਾ	ਪਹਿਲਾ ਤੇਲ ਕੱਢ ਕੇ ਕਰੈਂਕ-ਕੇਸ ਨੂੰ ਸਿਫ਼ਾਰਸ਼ ਸ਼ੁਦਾ ਭਾਰ ਵਾਲੇ ਤੇਲ ਨਾਲ ਭਰੋ।
3. ਤੇਲ-ਲਾਈਨਾਂ ਦਾ ਟੁੱਟੀਆਂ ਹੋਈਆਂ ਜਾਂ ਢਿੱਲੀਆਂ ਹੋਣੀਆਂ	ਤੇਲ-ਲਾਈਨ ਢਿੱਲੀ ਹੋਵੇ ਤਾਂ ਕੱਸ ਲਓ। ਟੁੱਟੀਆਂ ਹੋਈਆਂ ਹੋਣ ਤਾਂ ਬਦਲ ਲਓ ।

4. ਤੇਲ-ਪੰਪ ਦਾ ਕੰਮ ਨਾ ਕਰਨਾ	ਕਿਸੇ ਸਰਵਿਸ ਕਰਨ ਵਾਲੇ ਪਾਸੋਂ ਪੰਪ ਦੀ ਜਾਂਚ ਅਤੇ ਮੁਰੰਮਤ ਕਰਵਾ ਲਓ ।
5. ਬੇਅਰਿੰਗਾਂ ਦਾ ਘਸੇ ਹੋਏ ਹੋਣਾ	ਠੀਕ ਕਰਵਾ ਲਓ । ਲੋੜ ਪਏ ਤਾਂ ਨਵੇਂ ਬੇਅਰਿੰਗ ਪੁਆ ਲਓ ।
6. ਤੇਲ ਮਾਰਕ ਦਾ ਨੁਕਸਦਾਰ ਹੋਣਾ ਅਤੇ ਤੇਲ ਰੈਗੂਲੇਟਰ ਦਾ ਜਾਮ ਹੋ ਜਾਣਾ	ਮੁਰੰਮਤ ਕਰਵਾ ਲਓ ਜਾਂ ਬਦਲ ਲਓ ।
7. ਜ਼ਿਆਦਾ ਗਰਮ ਹੋ ਜਾਣਾ	ਜ਼ਿਆਦਾ ਗਰਮ ਹੋਣ ਦੇ ਕਾਰਨ ਦਾ ਪਤਾ ਕਰਕੇ ਉਹ ਕਾਰਨ ਦੂਰ ਕਰ ਦਿਓ । ਬਹੁਤ ਜ਼ਿਆਦਾ ਗਰਮੀ ਨਾਲ ਤੇਲ ਪਤਲਾ ਹੋ ਜਾਂਦਾ ਹੈ ਅਤੇ ਉਸ ਨਾਲ ਆਮ ਤੌਰ ਤੇ ਦਬਾਅ ਘੱਟ ਹੋ ਜਾਂਦਾ ਹੈ ।

ਮੋਬਿਲ ਆਇਲ ਦਾ ਦਬਾਅ ਬਹੁਤ ਜ਼ਿਆਦਾ ਹੋਣਾ

1. ਲੁਬਰੀਕੇਟਿੰਗ ਤੇਲ ਦਾ ਬਹੁਤ ਜ਼ਿਆਦਾ ਗਾੜ੍ਹਾ ਹੋਣਾ	ਪਹਿਲਾ ਤੇਲ ਬਾਹਰ ਕੱਢ ਕੇ ਉਸ ਦੀ ਥਾਂ ਠੀਕ ਗਰੇਡ ਦਾ ਤੇਲ ਪਾ ਦਿਓ ।
2. ਤੇਲ ਲਾਈਨਾਂ ਦਾ ਰੁਕੇ ਹੋਏ ਹੋਣਾ	ਸਾਫ਼ ਕਰ ਲਓ ।
3. ਤੇਲ-ਦਬਾਅ ਨੂੰ ਰੈਗੂਲੇਟ ਕਰਨ ਵਾਲੇ ਵਾਲਵ ਦਾ ਗੰਦੇ ਜਾਂ ਨੁਕਸਦਾਰ ਹੋਣਾ	ਸਰਵਿਸ ਕਰਵਾ ਲਓ ।
4. ਤੇਲ ਦਬਾਅ-ਮਾਪਕ ਦਾ ਨੁਕਸਦਾਰ ਹੋਣਾ	ਮਾਪਕ ਦੀ ਮੁਰੰਮਤ ਕਰਵਾ ਲਓ ਜਾਂ ਬਦਲ ਲਓ ।

ਕਰੈਂਕ ਕੇਸ ਆਇਲ ਦਾ ਪਤਲੇ ਹੋ ਜਾਣਾ

1. ਲੰਮੇ ਅਰਸੇ ਲਈ ਇੰਜਨ ਦਾ ਬੇਕਾਰ ਪਏ ਰਹਿਣਾ	ਲੋੜ ਮੁਤਾਬਕ ਤੇਲ ਬਦਲ ਲਓ ।
2. ਇੰਜਨ ਦਾ ਬਹੁਤ ਠੰਢਿਆਂ ਚੱਲਣਾ	ਸ਼ਟਰ ਨੂੰ ਠੀਕ ਕਰ ਲਓ ਅਤੇ ਤਾਪ-ਸਥਾਪੀ ਵਾਲ ਦਾ ਨਿਰੀਖਣ ਕਰ ਲਓ ।
3. ਪਿਸਟਨ ਰਿੰਗਾਂ ਦਾ ਘਸੇ ਹੋਏ ਹੋਣਾ	ਕਿਸੇ ਸਰਵਿਸ ਕਰਨ ਵਾਲੇ ਪਾਸੋਂ ਰਿੰਗਾਂ ਦੀ ਮੁਰੰਮਤ ਕਰਵਾ ਲਓ ਜਾਂ ਬਦਲਾ ਲਓ।
4. ਬਹੁਮੁਖੀ ਅੰਤਰ-ਗ੍ਰਾਹੀ ਦੀ ਠੀਕ ਸੈਟਿੰਗ ਨਾ ਹੋਣਾ	ਜਿਨ੍ਹਾਂ ਟਰੈਕਟਰਾਂ ਵਿੱਚ ਬਹੁਮੁਖੀ ਅੰਤਰ-ਗ੍ਰਾਹੀ ਨੂੰ ਏਧਰ-ਓਧਰ ਕਰਕੇ ਠੀਕ ਥਾਂ ਤੇ ਬਿਠਾਇਆ ਜਾ ਸਕਦਾ ਹੋਵੇ, ਉਨ੍ਹਾਂ ਦੀ ਹਾਲਤ 'ਚ 'ਚਾਲਕ ਨਿਯਮ-ਪੁਸਤਕ' ਦੀਆਂ ਸਿਫ਼ਾਰਸ਼ਾਂ ਮੁਤਾਬਕ ਠੀਕ ਸੈਟਿੰਗ ਕਰ ਲਓ ।

ਮੋਬਿਲ ਆਇਲ ਦੀ ਬਹੁਤ ਜ਼ਿਆਦਾ ਖਪਤ

1. ਤੇਲ ਠੀਕ ਗ੍ਰੇਡ ਦਾ ਨਾ ਹੋਣਾ	ਇੰਜਨ ਦੇ ਸੰਪ 'ਚੋਂ ਪਹਿਲਾ ਤੇਲ ਬਾਹਰ ਕੱਢ ਕੇ, ਉਸ ਦੀ ਥਾਂ ਸਿਫ਼ਾਰਸ਼-ਸ਼ੁਦਾ ਗਰੇਡ ਦਾ ਤੇਲ ਪਾਉ ।

2. ਇੰਜਨ ਦੀ ਸਪੀਡ (ਰਫ਼ਤਾਰ) ਬਹੁਤ ਜ਼ਿਆਦਾ ਹੋਣਾ	ਕਿਸੇ ਤਜ਼ਰਬੇਕਾਰ ਮਕੈਨਿਕ ਨੂੰ ਦਿਖਾ ਕੇ ਸਪੀਡ ਨੂੰ ਠੀਕ ਕਰਵਾ ਲਓ ।
3. ਕਰੈਂਕ ਕੇਸ ਬਰੀਦਰ ਦਾ ਰੁਕ ਜਾਣਾ	ਬਰੀਦਰ ਅਸੈਂਬਲੀ ਨੂੰ ਸਾਫ਼ ਕਰ ਲਓ ।
4. ਪਿਸਟਨਾਂ ਤੇ ਪਿਸਟਨ ਰਿੰਗਾਂ ਅਤੇ ਸਿਲੰਡਰ ਲਾਈਨਰ ਦਾ ਘਸੇ ਹੋਏ ਹੋਣਾ	ਕਿਸੇ ਸਰਵਿਸ ਕਰਨ ਵਾਲੇ ਪਾਸੋਂ ਜ਼ਰੂਰੀ ਮੁਰੰਮਤ ਕਰਵਾ ਲਓ ।
5. ਤੇਲ ਲਾਈਨ ਜਾਂ ਤੇਲ ਫਿਲਟਰ ਦਾ ਲੀਕ ਕਰਨਾ	ਚੈੱਕ ਕਰਕੇ ਕਸ ਲਓ ਜਾਂ ਕਿਸੇ ਸਰਵਿਸ ਕਰਨ ਵਾਲੇ ਪਾਸੋਂ ਮੁਰੰਮਤ ਕਰਵਾ ਲਓ ।
6. ਪਿਸਟਨ-ਰਿੰਗਾਂ ਦਾ ਲੇਸਲੀਆਂ ਹੋਣਾ	ਸਫ਼ਾਈ-ਤੇਲ ਨਾਲ ਸਾਫ਼ ਕਰ ਲਓ । ਇੰਜਨ ਨੂੰ ਜ਼ਿਆਦਾਤਰ ਘੱਟ ਰਫ਼ਤਾਰ ਤੇ ਨਾ ਚਲਾਓ ।
7. ਵਾਲਵ ਗਾਈਡਾਂ ਦਾ ਬਹੁਤ ਜ਼ਿਆਦਾ ਘਸ ਜਾਣਾ	ਸਿਲੰਡਰ ਹੈੱਡ ਦੀ ਮੁਰੰਮਤ ਕਰਾਓ ।

ਫਿਊਲ ਦੀ ਬਹੁਤ ਜ਼ਿਆਦਾ ਖਪਤ

1. ਫਿਊਲ ਦਾ ਲੀਕ ਹੋਣਾ	ਫਿਊਲ ਦੀਆਂ ਜੋੜ ਲਾਈਨ ਜਾਂ ਫਿਊਲ ਪੌਣੀ ਗਾਸਕੇਟ ਨੂੰ ਚੈੱਕ ਕਰ ਲਓ ਅਤੇ ਚੰਗੀ ਤਰ੍ਹਾਂ ਕਸ ਲਓ ਜਾਂ ਫਿਰ ਬਦਲ ਹੀ ਲਓ । ਫਿਊਲ-ਟੈਂਕੀ ਦੀ ਜਾਂਚ ਕਰ ਲਓ ਕਿ ਕਿਧਰੇ ਲੀਕ ਤਾਂ ਨਹੀਂ ਕਰ ਰਹੀ ।
2. ਇੰਜਨ ਤੇ ਭਾਰ ਜ਼ਿਆਦਾ ਹੋਣਾ	ਭਾਰ ਘੱਟ ਕਰ ਦਿਓ ਜਾਂ ਇੰਜਨ ਦੀ ਰਫ਼ਤਾਰ ਘੱਟ ਕਰ ਲਓ ।
3. ਇੰਜਨ ਦਾ ਠੀਕ ਤਾਪਮਾਨ 'ਤੇ ਨਾ ਚੱਲਣਾ	ਸੀਤਕ-ਸਿਸਟਮ ਦੀ ਜਾਂਚ ਕਰ ਲਓ ਜਾਂ ਕਿਸੇ ਸਰਵਿਸ ਕਰਨ ਵਾਲੇ ਨੂੰ ਬੁਲਾ ਕੇ ਦਿਖਾ ਲਓ ।
4. ਪੌਣ-ਸੋਧਕ ਦਾ ਰੁਕ ਜਾਣਾ	ਪੌਣ-ਸੋਧਕ ਨੂੰ ਸਾਫ਼ ਕਰ ਲਓ ।
5. ਹਵਾ ਦਾ ਦਬਾਅ ਘੱਟ ਹੋਣਾ	ਕਿਸੇ ਸਰਵਿਸ ਕਰਨ ਵਾਲੇ ਨੂੰ ਬੁਲਾ ਕੇ ਦਿਖਾ ਲਓ ।
6. ਇੰਜਨ ਦੀ ਪਾਣੀ-ਜੈਕਟ ਦਾ ਤਾਪਮਾਨ ਬਹੁਤ ਘੱਟ ਹੋਣਾ	ਤਾਪ-ਸਥਾਪੀ (ਥਰਮੋਸਟੇਟ) ਦੀ ਜਾਂਚ ਕਰਵਾ ਲਓ ਅਤੇ ਲੋੜ ਪਏ ਤਾਂ ਨਵਾਂ ਪਾਉ । ਰੇਡੀਏਟਰ-ਸ਼ਟਰ ਦੇ ਕੰਮ ਦੀ ਜਾਂਚ ਕਰ ਲਓ । ਬਹੁਤ ਘੱਟ ਭਾਰ ਨਾਲ 80-85 ਡਿਗਰੀ ਸੈਂਟੀਗ੍ਰੇਡ ਤਾਪਮਾਨ ਰੱਖਣਾ ਅਮਲੀ ਤੌਰ ਤੇ ਅਸੰਭਵ ਜਿਹਾ ਹੁੰਦਾ ਹੈ । ਜ਼ਿਆਦਾ ਵਰਤੋਂ ਜਾਂ ਹਲਕਾ ਫਿਊਲ ਦੀ ਵਰਤੋਂ ਕਰੋ ।
7. ਬਹੁਮੁਖੀ ਅੰਤਰ-ਗ੍ਰਾਹੀ ਦੇ ਤਾਪਮਾਨ ਦਾ ਠੀਕ ਨਾ ਹੋਣਾ	ਜਿੰਨ੍ਹਾਂ ਟਰੈਕਟਰਾਂ ਵਿੱਚ ਬਹੁਮੁਖੀ ਅੰਤਰ-ਗ੍ਰਾਹੀ ਨੂੰ ਖਿਸਕਾ ਕੇ ਇਧਰ-ਉਧਰ ਕੀਤਾ

	ਜਾ ਸਕਦਾ ਹੋਵੇ, ਉਨ੍ਹਾਂ ਦੀ ਹਾਲਤ ਵਿੱਚ ਤਾਪਮਾਨ ਨੂੰ 'ਚਾਲਕ-ਨਿਯਮ ਪੁਸਤਕ' ਦੀਆਂ ਸਿਫ਼ਾਰਸ਼ਾਂ ਅਨੁਸਾਰ ਸੈੱਟ ਕਰ ਲਓ।
8. ਨੁਕਸਦਾਰ ਨੋਜ਼ਲਾਂ	ਨੋਜ਼ਲਾਂ ਦੀ ਜਾਂਚ ਤੇ ਸਰਵਿਸ ਕਰਵਾ ਲਓ।

ਜੈਨਰੇਟਰ ਦਾ ਚਾਰਜ ਨਾ ਕਰਨਾ

1. ਤਾਰਾਂ ਦਾ ਕੱਟੀਆਂ ਹੋਈਆਂ ਹੋਣਾ ਜਾਂ ਕੁਨੈਕਸ਼ਨ ਢਿੱਲਾ ਹੋਣਾ	ਕੁਨੈਕਸ਼ਨ ਕੱਸ ਦਿਓ ਜਾਂ ਤਾਰਾਂ ਬਦਲ ਦਿਓ ।
2. ਜਨਰੇਟਰ-ਚਾਲਕ ਬੈਲਟ ਪੇਟੀ ਦਾ ਇਧਰ-ਉਧਰ ਖਿਸਕ ਜਾਣਾ	ਬੈਲਟ ਪੇਟੀ ਨੂੰ ਕੱਸ ਕੇ ਉਸ ਦਾ ਕਸਾਅ ਸਿਫ਼ਾਰਸ਼-ਸ਼ੁਦਾ ਕਸਾਅ ਦੇ ਬਰਾਬਰ ਕਰ ਦਿਓ ।
3. ਬਿਜਲੀ ਸ਼ਕਤੀ-ਮਾਪਕ ਦਾ ਠੀਕ ਤਰ੍ਹਾਂ ਕੰਮ ਨਾ ਕਰਨਾ	ਜਾਂਚ ਕਰਕੇ ਮੁਰੰਮਤ ਕਰਵਾ ਲਓ ਜਾਂ ਜੇ ਲੋੜ ਹੋਵੇ ਤਾਂ ਨਵਾਂ ਬਿਜਲੀ ਸ਼ਕਤੀ-ਮਾਪਕ ਲਗਵਾ ਲਓ ।
4. ਕਮਿਊਟੇਟਰ ਤੇ ਮੈਲ ਜੰਮੀ ਹੋਣਾ	ਕਮਿਊਟੇਟਰ ਨੂੰ ਡਬਲ ਜ਼ੀਰੋ ਰੇਗਮਾਰ ਨਾਲ ਸਾਫ਼ ਕਰ ਲਓ ।
5. ਬੁਰਸ਼ਾਂ ਦਾ ਘਸੇ ਹੋਏ ਜਾਂ ਗੰਦੇ ਹੋਣਾ	ਬੁਰਸ਼ ਬਦਲ ਲਓ ਜਾਂ ਕਿਸੇ ਸਰਵਿਸ ਕਰਨ ਵਾਲੇ ਪਾਸੋਂ ਮੁਰੰਮਤ ਕਰਵਾ ਲਓ ।
6. ਕੱਟ ਆਊਟ ਰੀਲੇਅ ਦਾ ਕੰਮ ਨਾ ਕਰਨਾ	ਨਵੀਂ ਕੱਟ ਆਊਟ ਰੀਲੇਅ ਲਾ ਲਓ ਜਾਂ ਕਿਸੇ ਕਾਰੀਗਰ ਨੂੰ ਬੁਲਾ ਕੇ ਮੁਰੰਮਤ ਕਰਵਾ ਲਓ ।
7. ਆਰਮੇਚਰ ਵਿੱਚ ਸ਼ਾਰਟ ਸਰਕਟ ਹੋਣਾ	ਆਰਮੇਚਰ ਬਦਲ ਲਓ ।
8. ਜੈਨਰੇਟਰ ਦੇ ਬੇਅਰਿੰਗਾਂ ਦਾ ਘਸੇ ਹੋਏ ਹੋਣਾ	ਬੇਅਰਿੰਗ ਬਦਲ ਲਓ ਜਾਂ ਜੈਨਰੇਟਰ ਨੂੰ ਠੀਕ ਕਰ ਲਓ ਤਾਂ ਜੋ ਆਰਮੇਚਰ ਅਤੇ ਜੈਨਰੇਟਰ ਦੇ ਹੋਰ ਹਿੱਸਿਆਂ ਨੂੰ ਨੁਕਸਾਨ ਨਾ ਪੁੱਜੇ ।

ਸਟਾਰਟਰ ਦਾ ਨਾ ਘੁੰਮਣਾ

1. ਕੇਬਲ ਕੁਨੈਕਸ਼ਨਾਂ ਦਾ ਢਿੱਲੇ ਜਾਂ ਗੰਦੇ ਹੋਣਾ	ਸਾਫ਼ ਕਰ ਲਓ ਅਤੇ ਕੁਨੈਕਸ਼ਨ ਨੂੰ ਕੱਸ ਲਓ ।
2. ਬੈਟਰੀ ਦਾ ਪੂਰੀ ਤਰ੍ਹਾਂ ਚਾਰਜ ਹੋਈ ਨਾ ਹੋਣਾ	ਬੈਟਰੀ ਦੀ ਜਾਂਚ ਕਰ ਲਓ ਅਤੇ ਜੇ ਲੋੜ ਹੋਵੇ ਤਾਂ ਬਦਲ ਦਿਓ ।
3. ਕਮਿਊਟੇਟਰ ਦਾ ਗੰਦੇ ਹੋਣਾ	ਕਮਿਊਟੇਟਰ ਨੂੰ ਬਦਲ ਕੇ ਜ਼ੀਰੋ ਰੇਗਮਾਰ ਨਾਲ ਸਾਫ਼ ਕਰ ਲਓ ।
4. ਸਟਾਰਟਰ ਸਵਿੱਚ ਦਾ ਕਨਟੈਕਟ ਪੈਦਾ ਨਾ ਕਰਨਾ	ਸਟਾਰਟਰ-ਸਵਿਚ ਬਦਲ ਲਓ ਪਰ ਜੇ ਉਹ ਬੁਰੀ ਤਰ੍ਹਾਂ ਮੁੜਿਆ ਹੋਇਆ ਨਾ ਹੋਵੇ ਤਾਂ ਡਬਲ ਜ਼ੀਰੋ ਰੇਗਮਾਰ ਨਾਲ ਉਸ ਨੂੰ ਸਾਫ਼ ਕਰ ਲਓ ।

ਧੂੰਆਂ ਜ਼ਿਆਦਾ ਹੋਣਾ

1. ਇੰਜਣ ਤੇ ਜ਼ਿਆਦਾ ਭਾਰ	ਭਾਰ ਘੱਟ ਕਰੋ, ਠੀਕ ਗੇਅਰ ਵਿੱਚ ਚਲਾਓ।
2. ਪੌਣ-ਸੋਧਕ ਦਾ ਠੀਕ ਕੰਮ ਨਾ ਕਰਨਾ ·	ਪੌਣ-ਸੋਧਕ ਦੀ ਸਰਵਿਸ ਕਰੋ ।
3. ਬਲਣ-ਚੈਂਬਰ ਵਿੱਚ ਲੁਬਰੀਕੇਟਿੰਗ ਆਇਲ ਦਾ ਜ਼ਿਆਦਾ ਪਹੁੰਚ ਜਾਣਾ	
ੳ. ਪਿਸਟਨ-ਰਿੰਗ ਘਸੇ ਹੋਣ ਕਰਕੇ	ਕਿਸੇ ਅਧਿਕਾਰ ਪ੍ਰਾਪਤ ਸਰਵਿਸ ਕਰਨ ਵਾਲੇ ਪਾਸੋਂ ਇਸ ਦੀ ਜਾਂਚ ਤੇ ਮੁਰੰਮਤ ਕਰਵਾ ਲਉ ਜਾਂ ਬਦਲਾ ਲਉ ।
ਅ. ਪਿਸਟਨ-ਰਿੰਗਾਂ ਦੇ ਝਿਰੀਆਂ ਵਿੱਚ ਚੰਬੜ ਜਾਂ ਚਿਪਕ ਜਾਣ ਕਰਕੇ	-ਉਹੀ-
ੲ. ਪਿਸਟਨਾਂ ਅਤੇ ਸਿਲੰਡਰਾਂ ਦੇ ਪਾਸਿਆਂ ਦੇ ਘਸੇ ਹੋਏ ਹੋਣ ਕਰਕੇ	
ਸ. ਵਾਲਵ-ਗਾਈਡਾਂ, ਤਣਿਆਂ, ਰੌਕਰ ਅਸਤਰਾਂ ਦੇ ਘਸੇ ਹੋਣ ਕਾਰਨ, ਸਿਲੰਡਰਾਂ 'ਚ ਉੱਪਰਲੇ (ਓਵਰਹੈੱਡ) ਵਾਲਵ ਮੈਕਾਨਿਜ਼ਮ ਰਾਹੀਂ ਵਧੇਰੇ ਤੇਲ ਚਲੇ ਜਾਣ ਕਰਕੇ ।	-ਉਹੀ-
ਹ. ਵੱਡੇ ਸਿਰਿਆਂ ਵਾਲੇ ਬੇਅਰਿੰਗਾਂ ਦੇ ਘਸੇ ਹੋਏ ਹੋਣ ਕਾਰਨ	-ਉਹੀ-
ਕ. ਵਧੇਰੇ ਤੇਲ-ਦਬਾਅ	-ਉਹੀ-
2. ਫਿਊਲ ਦਾ ਪੂਰੀ ਤਰ੍ਹਾਂ ਨਾ ਜਲਣਾ	
ੳ. ਚਾਲਕ ਤਾਪਮਾਨ ਘੱਟ ਹੋਣ ਕਰਕੇ	ਭਾਰ ਰੱਖਣ ਤੋਂ ਪਹਿਲਾਂ ਇੰਜਣ ਨੂੰ ਗਰਮ ਕਰ ਲਉ । ਤਾਪ-ਸਥਾਪੀ ਅਤੇ ਸ਼ਟਰ ਦੀ ਜਾਂਚ ਕਰ ਲਉ ।
ਅ. ਘਸੇ ਹੋਏ ਵਾਲਵਾਂ, ਘਸੇ ਹੋਏ ਰਿੰਗਾਂ ਤੇ ਸਿਲੰਡਰਾਂ ਤੇ ਸਿਲੰਡਰ ਹੈੱਡ ਗਾਸਕਟ ਦੇ ਨੁਕਸਦਾਰ ਹੋਣ ਦੇ ਕਾਰਨ ਦਬਾਅ ਘੱਟ ਹੋਣ ਕਰਕੇ	ਦਬਾਅ (ਕੰਪ੍ਰੈਸ਼ਨ) ਦੀ ਜਾਂਚ ਕਰਵਾ ਲਓ ਅਤੇ ਉਸ ਵਿੱਚ ਕੋਈ ਨੁਕਸ ਹੋਵੇ ਤਾਂ ਉਸ ਨੂੰ ਦੂਰ ਕਰਵਾ ਲਓ ।
ੲ. ਸਿਲੰਡਰ ਦੇ ਪਾਸਿਆਂ ਦੇ ਸੁੱਕੇ ਹੋਣ ਕਾਰਨ ਦਬਾਅ ਦੇ ਘੱਟ ਜਾਣ ਕਰਕੇ	ਇੰਜੈਕਟਰਾਂ ਨੂੰ ਲਾਹ ਕੇ ਸਿਲੰਡਰ ਵਿੱਚ ਥੋੜ੍ਹਾ ਜਿੰਨਾ ਲੁਬਰੀਕੇਟਿੰਗ ਤੇਲ ਪਾ ਦਿਓ ਇੰਜਨ ਨੂੰ ਕਰੈਂਕ ਲਗਾ ਦਿਓ । ਇੰਞ ਫਿਊਲ ਓਨੀ ਦੇਰ ਤੱਕ ਬੰਦ ਰਹੇ ਜਦ ਤੱਕ ਕਿ ਦਬਾਅ ਮੁੜ ਠੀਕ ਨਹੀਂ ਹੋ ਜਾਂਦਾ ।
ਸ. ਘਟੀਆ ਕੁਆਲਿਟੀ ਦਾ ਤੇਲ	ਤੇਲ ਕਿਸੇ ਭਰੋਸੇਯੋਗ ਡੀਲਰ ਜਾਂ ਫਿਊਲ

	ਸਟੇਸ਼ਨ ਤੋਂ ਖ਼ਰੀਦੋ ਅਤੇ ਉਸ ਨੂੰ ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਸਾਵਧਾਨੀ ਨਾਲ ਸਟੋਰ ਕਰਕੇ ਰੱਖੋ ।
ਹ. ਤੇਲ ਦਾ ਗੈਰ-ਤਸੱਲੀ ਬਖਸ਼ ਇੰਜੈਕਸ਼ਨ	ਨੋਜ਼ਲਾਂ ਨੂੰ ਸਾਫ਼ ਕਰਵਾ ਲਓ ਅਤੇ ਜੇ ਲੋੜ ਪਏ ਤਾਂ ਕਿਸੇ ਅਧਿਕਾਰ ਪ੍ਰਾਪਤ ਸਰਵਿਸ-ਸ਼ਾਪ ਤੋਂ ਪੰਪ ਦਾ ਨਿਰੀਖਣ ਕਰਵਾ ਲਓ।

ਟਰੈਕਟਰ ਦਾ ਮੁਸ਼ਕਲ ਨਾਲ ਮੁੜਨਾ

1. ਗਲਤ ਜੋੜੇ ਜਾਣਾ	ਮਸ਼ੀਨ ਨੂੰ ਟਰੈਕਟਰ ਨਾਲ ਠੀਕ ਤਰ੍ਹਾਂ ਜੋੜੋ ।
2. ਅਗਲੇ ਟਾਇਰਾਂ ਵਿੱਚ ਹਵਾ ਦਾ ਘੱਟ ਹੋਣਾ	ਟਾਇਰਾਂ ਵਿੱਚ ਹਵਾ ਸਿਫ਼ਾਰਸ਼ ਕੀਤੇ ਦਬਾਅ ਤੱਕ ਭਰ ਲਓ ।
3. ਜਕੜ-ਛੜ ਦਾ ਬਹੁਤ ਉੱਚੀ ਹੋਣਾ	ਟਰੈਕਟਰ ਦੀ ਜਕੜ-ਛੜ ਜਿੰਨੀ ਉੱਚੀ ਹੋਵੇਗੀ, ਓਨਾ ਹੀ ਅਗਲੇ ਪਹੀਆਂ ਦੀ ਬਜਾਏ ਪਿਛਲੇ ਪਹੀਆਂ ਤੇ ਭਾਰ ਜ਼ਿਆਦਾ ਪਏਗਾ । ਪਿਛਲੇ ਪਹੀਆਂ ਤੇ ਬਹੁਤ ਜ਼ਿਆਦਾ ਭਾਰ ਹੋਣ ਨਾਲ ਟਰੈਕਟਰ ਦਾ ਸਟੀਅਰਿੰਗ ਠੀਕ ਨਹੀਂ ਚੱਲਦਾ । ਜਕੜ-ਛੜ ਨੂੰ ਨੀਵੀਂ ਕਰ ਦਿਓ ।
4. ਸਟੀਅਰਿੰਗ ਮੈਕੇਨਿਜ਼ਮ ਦਾ ਮੁੜੇ ਹੋਏ, ਝੁਕੇ ਹੋਏ ਹੋਣਾ ਜਾਂ ਠੀਕ ਤਰ੍ਹਾਂ ਬਿਠਾਅ ਨਾ ਹੋਣਾ	ਸਟੀਅਰਿੰਗ ਸਿਸਟਮ ਨੂੰ ਠੀਕ ਕਰ ਲਓ।
5. ਗਰੀਸ ਦੇ ਨਾ ਹੋਣ ਕਰਕੇ	ਅਗਲੇ ਪਹੀਆਂ ਦੇ ਸਪਿੰਡਲਾਂ ਅਤੇ ਟਾਈਰਾਡ ਨੂੰ ਗਰੀਸ ਕਰੋ ਅਤੇ ਸਟੀਅਰਿੰਗ ਵਿੱਚ ਤੇਲ ਪਾਓ ।

ਪਹੀਆਂ ਦਾ ਜ਼ਿਆਦਾ ਸਲਿੱਪ ਹੋਣਾ/ਤਿਲਕਣਾ

1. ਪਿਛਲੇ ਪਹੀਆਂ ਤੇ ਕਾਫ਼ੀ ਭਾਰ ਨਾ ਹੋਣਾ	ਪਹੀਆਂ ਤੇ ਸਿਫ਼ਾਰਸ਼-ਸ਼ੁਦਾ ਭਾਰ ਪਾ ਦਿਓ ਅਤੇ ਟਾਇਰਾਂ ਨੂੰ ਕੈਲਸ਼ੀਅਮ ਕਲੋਰਾਈਡ ਨਾਲ ਭਰ ਦਿਓ ।
2. ਪਿਛਲੇ ਪਹੀਏ ਦੇ ਟਾਇਰਾਂ ਦਾ ਘਸੇ ਹੋਏ ਹੋਣਾ	ਜ਼ਮੀਨ ਜੇਕਰ ਗਿੱਲੀ ਹੋਵੇ ਤਾਂ ਇਸ ਕਾਰਨ ਟਰੈਕਟਰ ਜ਼ਿਆਦਾ ਸਲਿੱਪ ਕਰਦਾ ਹੈ । ਜਾਲੀਦਾਰ ਪਹੀਏ ਵਰਤੋ ਜਾਂ ਟਾਇਰ ਨਵੇਂ ਪੁਆ ਲਓ ।
3. ਜਕੜ-ਛੜ ਦਾ ਬਹੁਤ ਨੀਵੀਂ ਹੋਣਾ	ਜਕੜ-ਛੜ ਨੂੰ ਉੱਚੀ ਚੁੱਕਣ ਨਾਲ ਭਾਰ ਟਰੈਕਟਰ ਦੇ ਅਗਲੇ ਸਿਰਿਆਂ ਤੇ ਹਟ ਕੇ ਪਿਛਲੇ ਪਹੀਆਂ ਤੇ ਚਲਿਆ ਜਾਂਦਾ ਹੈ ਅਤੇ ਇਸ ਨਾਲ ਖਿਚਾਅ ਚੰਗਾ ਹੋ ਜਾਣ ਵਿੱਚ ਮਦਦ ਮਿਲਦੀ ਹੈ । ਜਕੜ-ਛੜ ਨੂੰ ਉੱਚੀ ਕਰ ਦਿਓ ।

ਟਰੈਕਟਰ ਦੀ ਵਰਤੋਂ

ਟਰੈਕਟਰ ਨੂੰ ਇਸ ਤਰ੍ਹਾਂ ਚਲਾਉਣਾ ਚਾਹੀਦਾ ਹੈ ਕਿ ਉਸ ਤੋਂ ਵੱਧ ਤੋਂ ਵੱਧ ਕੰਮ ਤੇ ਲਾਭ ਲਿਆ ਜਾ ਸਕੇ । ਇਸ ਹਿੱਸੇ ਵਿੱਚ ਟਰੈਕਟਰ ਚਲਾਉਣ ਤੇ ਵਰਤਣ ਵਾਲਿਆਂ ਦੀ ਅਗਵਾਈ ਲਈ, ਟਰੈਕਟਰ ਦੇ ਠੀਕ ਤਰ੍ਹਾਂ ਸਟਾਰਟ ਕਰਨ, ਜੋੜਨ, ਬਚ-ਬਚਾਅ ਨਾਲ ਚਲਾਉਣ, ਖੇਤ ਦੀ ਰੂਪ-ਰੇਖਾ ਤਿਆਰ ਕਰਨ ਅਤੇ ਠੀਕ ਤੇ ਯੋਗ ਕੰਮ ਕਰਨ ਬਾਰੇ ਕੁਝ ਮਹੱਤਵਪੂਰਨ ਨੁਕਤਿਆਂ ਤੇ ਵਿਚਾਰ ਕੀਤੀ ਗਈ ਹੈ।


ਟਰੈਕਟਰ ਨੂੰ ਸਟਾਰਟ ਕਰਨਾ

1. ਇਹ ਪੱਕਾ ਕਰ ਲਓ ਕਿ ਡੀਜ਼ਲ-ਟੈਂਕੀ ਵਿੱਚ ਤੇਲ, ਕਰੈਂਕ-ਕੇਸ ਵਿੱਚ ਤੇਲ ਅਤੇ ਰੇਡੀਏਟਰ ਵਿੱਚ ਪਾਣੀ ਠੀਕ ਹੈ ।
2. ਇਹ ਵੀ ਦੇਖ ਲਓ ਕਿ ਬੈਟਰੀ ਠੀਕ ਤਰ੍ਹਾਂ ਚਾਰਜ ਕੀਤੀ ਹੋਈ ਹੈ ਜਾਂ ਨਹੀਂ। ਇੰਜਨ ਨੂੰ ਘੁਮਾਉਣ ਤੇ ਪਤਾ ਲੱਗ ਜਾਵੇਗਾ ।
3. ਇੰਜਨ ਨੂੰ ਕਰੈਂਕ ਲਗਾਉਣ ਨਾਲ ਜਾਂ ਸਟਾਰਟ ਕਰਨ ਤੋਂ ਪਹਿਲਾਂ, ਇਹ ਪੱਕਾ ਕਰ ਲਓ ਕਿ ਗੀਅਰ ਬਦਲਣ ਵਾਲਾ ਲੀਵਰ ਨਿਊਟਰਲ ਹਾਲਤ ਵਿੱਚ ਹੈ।
4. ਇਹ ਪੱਕਾ ਕਰ ਲਓ ਕਿ ਜੇ ਟਰੈਕਟਰ ਦਾ ਕੋਈ ਸਟਾਰਟਿੰਗ ਲੀਵਰ ਹੈ ਤਾਂ ਉਹ ਚਾਲੂ ਹਾਲਤ ਵਿੱਚ ਹੋਵੇ ।
5. ਥਰੌਟਲ-ਲੀਵਰ ਨੂੰ ਲਗਪਗ 1/3 ਖੁੱਲ੍ਹਾ ਰੱਖੋ ।
6. ਸਟਾਰਟਿੰਗ ਸਵਿੱਚ ਨੂੰ ਚਾਲੂ ਕਰ ਦਿਓ ਅਤੇ ਕੁੰਜੀ ਘੁਮਾ ਦਿਓ । ਜੇ ਟਰੈਕਟਰ ਨਾ ਚੱਲੇ ਤਾਂ ਕੁੰਜੀ ਨੂੰ ਇਕ ਵਾਰ 30 ਸਕਿੰਟਾਂ ਤੋਂ ਵੱਧ ਸਮੇਂ ਲਈ ਨਾ ਘੁਮਾਈ ਰੱਖੋ, ਨਹੀਂ ਤਾਂ ਬੈਟਰੀ ਡਿਸਚਾਰਜ ਹੋ ਜਾਵੇਗੀ । ਜ਼ਿਆਦਾ ਗਰਮ ਹੋਣ ਕਰਕੇ ਆਰਮੇਚਰ ਦੇ ਟਾਂਕੇ ਖੁੱਲ੍ਹ ਜਾਂਦੇ ਹਨ ।
7. ਇੰਜਨ ਨੂੰ ਸਟਾਰਟ ਕਰਨ ਤੇ ਥਰੌਟਲ ਲਗਪਗ ਅੱਧਾ-ਕੁ ਖੋਲ੍ਹ ਦਿਓ ।
8. ਟਰੈਕਟਰ ਨੂੰ ਸੜਕ ਤੇ ਚਲਾਉਣ ਤੋਂ ਪਹਿਲਾਂ ਇਹ ਨਿਸ਼ਚਤ ਕਰ ਲਓ ਕਿ ਦੋਵੇਂ ਬਰੇਕ-ਪੈਡਲ ਆਪੋ ਵਿੱਚ ਜਕੜੇ ਹੋਏ ਹੋਣ ।
9. ਕਲੱਚ ਨੂੰ ਦਬਾ ਦਿਓ ਅਤੇ ਟਰੈਕਟਰ ਨੂੰ ਅੱਗੇ ਜਾਂ ਪਿੱਛੇ ਵੱਲ ਚਲਾਉਣ ਲਈ ਲੋੜ ਮੁਤਾਬਕ ਅਗਲਾ ਜਾਂ ਉਲਟਾ ਗੀਅਰ ਲਾ ਦਿਓ । ਕਲੱਚ ਹੌਲੀ-ਹੌਲੀ ਛੱਡਣਾ ਚਾਹੀਦਾ ਹੈ । ਕਲੱਚ ਛੱਡਣ ਤੇ ਟਰੈਕਟਰ ਚੱਲ ਪਵੇਗਾ ।
10. ਇਸ ਗੱਲ ਦਾ ਪੂਰੀ ਤਰ੍ਹਾਂ ਧਿਆਨ ਰੱਖੋ ਕਿ ਟਰੈਕਟਰ ਜਦੋਂ ਚੱਲਣ ਵਾਲਾ ਹੋਵੇ ਤਾਂ ਨੇੜੇ-ਤੇੜੇ ਕੋਈ ਖੜ੍ਹਾ ਨਾ ਹੋਵੇ ।

ਮਸ਼ੀਨਰੀ ਆਦਿ ਨੂੰ ਟਰੈਕਟਰ ਨਾਲ ਜੋੜਨਾ

ਟਰੈਕਟਰ ਸ਼ਕਤੀ ਦਾ ਸਾਧਨ ਹੋਣ ਕਰਕੇ, ਵੱਖ ਵੱਖ ਕੰਮਾਂ ਲਈ ਮਸ਼ੀਨਰੀ ਤੇ ਜੰਤਰ ਚਲਾਉਣ ਵਾਸਤੇ ਵਰਤਿਆ ਜਾਂਦਾ ਹੈ । ਜਿਵੇਂ ਕਿ ਵਹਾਈ, ਜੁਤਾਈ,

ਸੁਹਾਗਣਾ, ਬੀਜਾਈ, ਕਟਾਈ ਆਦਿ । ਜੋਤਣ ਜਾਂ ਜੋੜਨ ਦਾ ਮਤਲਬ ਹੈ ਕਿ ਕਿਸੇ ਵੀ ਮਸ਼ੀਨਰੀ ਨੂੰ ਟਰੈਕਟਰ ਦੀ ਜੋੜ-ਛੜ (ਡਰਾਅ ਬਾਰ) ਜਾਂ ਤੈ-ਨੁਕਾਤੀ ਜੋੜ ਨਾਲ ਜੋੜਨਾ । ਟਰੈਕਟਰ ਦੀ ਜੋੜ-ਛੜ ਨਾਲ ਧੁਰ ਕਿੱਲੀ ਦੀ ਮਦਦ ਨਾਲ ਜੋੜੀ ਮਸ਼ੀਨਰੀ ਨੂੰ ਪਿੱਛ-ਲਮਕ ਮਸ਼ੀਨਰੀ ਆਖਦੇ ਹਨ ਅਤੇ ਤ੍ਰੈ-ਨੁਕਾਤੀ ਜੋੜ ਨਾਲ ਜੁੜੀ (ਜਿਵੇਂ ਕਿ ਚਿੱਤਰ 35) ਮਸ਼ੀਨਰੀ ਨੂੰ ਮਾਊਂਟਿਡ ਜਾਂ ਸੈਮੀ-ਮਾਊਂਟਿਡ ਮਸ਼ੀਨਰੀ ਆਖਦੇ ਹਨ ।




ਚਿੱਤਰ ਨੰ. 35 : ਟਰੈਕਟਰ ਮਾਊਂਟਿਡ ਮਸ਼ੀਨ

ਕਿਸੇ ਵੀ ਮਸ਼ੀਨਰੀ ਜਾਂ ਸੰਦ-ਔਜ਼ਾਰ ਨੂੰ ਟਰੈਕਟਰ ਨਾਲ ਜੋੜਨ ਲੱਗਿਆਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ।

1. ਜੋੜਨ ਤੋਂ ਪਹਿਲਾਂ ਚੰਗੀ ਤਰ੍ਹਾਂ ਦੇਖ-ਭਾਲ ਕਰ ਲਓ ਕਿ ਟਰੈਕਟਰ ਅਤੇ ਉਸ ਨਾਲ ਜੋੜੇ ਜਾਣ ਵਾਲੇ ਸੰਦ-ਔਜ਼ਾਰ ਵਿਚਾਲੇ ਕੋਈ ਖੜ੍ਹਾ ਨਾ ਹੋਵੇ ।
2. ਜੇ ਮਸ਼ੀਨਰੀ ਪਿੱਛੇ ਲਮਕਣ ਵਾਲੀ ਹੋਵੇ ਤਾਂ ਜੋੜਨ ਵਾਲੀ ਥਾਂ ਨੂੰ ਮਸ਼ੀਨਰੀ ਨਾਲ ਲੱਗੇ ਸਟੈਂਡ ਜਾਂ ਕਿਸੇ ਹੋਰ ਢੰਗ ਦੀ ਮਦਦ ਨਾਲ ਜੋਤ ਨੂੰ ਲਗਪਗ 30 ਸੈਂਟੀਮੀਟਰ ਉੱਪਰ ਚੁੱਕ ਲਉ ।
3. ਟਰੈਕਟਰ ਨੂੰ ਬਿਲਕੁਲ ਮਸ਼ੀਨਰੀ ਜਾਂ ਸਾਜ਼-ਸਮਾਨ ਦੀ ਸੇਧ 'ਚ ਲੈ ਆਓ।
4. ਥਰੌਟਲ ਨੂੰ ਹਲਕਾ ਜਾਂ ਘੱਟ ਕਰ ਦਿਓ ਅਤੇ ਟਰੈਕਟਰ ਨੂੰ ਉਲਟੇ ਗੀਅਰ ਵਿੱਚ ਪਾ ਦਿਓ ।

5. ਧਿਆਨ ਪਿਛਲੇ ਪਾਸੇ ਰੱਖੋ ਅਤੇ ਟਰੈਕਟਰ ਨੂੰ ਹੌਲੀ ਹੌਲੀ ਜੋੜੀ ਜਾਣ ਵਾਲੀ ਮਸ਼ੀਨਰੀ ਜਾਂ ਸਾਜ਼-ਸਮਾਨ ਦੇ ਨੇੜੇ ਲੈ ਆਓ ।
6. ਜਦੋਂ ਟਰੈਕਟਰ ਠੀਕ ਥਾਂ ਤੇ ਆ ਜਾਵੇ ਤਾਂ ਉਸ ਨੂੰ ਰੋਕ ਲਓ ਅਤੇ ਨਿਊਟਰਲ ਗੀਅਰ ਵਿੱਚ ਪਾ ਲਓ ।
7. ਖੱਬੇ ਪਾਸਿਓਂ ਟਰੈਕਟਰ ਤੋਂ ਥੱਲੇ ਉੱਤਰ ਆਓ ਅਤੇ ਜੋੜ-ਕਿੱਲੀ ਨੂੰ ਟਰੈਕਟਰ ਦੀ ਜੋੜ-ਛੜ ਵਿੱਚ ਪਾ ਕੇ ਅਤੇ ਸੰਦ ਦੀ ਘੁੰਢੀ ਜਾਂ ਛੇਕ ਨੂੰ ਸੰਦ ਦੀ ਕੜੀ ਜਾਂ ਛੜ ਵਿੱਚ ਪਾ ਕੇ ਸੰਦ ਨੂੰ ਟਰੈਕਟਰ ਨਾਲ ਜੋੜ ਦਿਓ ।
8. ਮਾਊਂਟਿਡ ਸੰਦ-ਔਜ਼ਾਰ ਜੋੜਨ ਲੱਗਿਆਂ ਹੇਠਲੇ ਜੋੜਾਂ ਨੂੰ ਲੋੜੀਂਦੀ ਉਚਾਈ ਤੱਕ ਲਿਆਉਣ ਲਈ ਪੁਜੀਸ਼ਨ ਠੀਕ ਕਰਨ ਵਾਲੇ ਲੀਵਰ ਨੂੰ ਵਿਉਂਤ ਨਾਲ ਵਰਤੋ। ਟਰੈਕਟਰ ਦੇ ਹੇਠਲੇ ਖੱਬੇ ਜੋੜ ਨੂੰ ਜੋੜੇ ਜਾਣ ਵਾਲੇ ਸੰਦ ਦੀ ਜੋੜ-ਕਿੱਲੀ ਨਾਲ ਬੰਨ੍ਹੋ। ਚਿਟਕਣੀ ਦੀ ਕਿੱਲੀ ਲਾਉਣਾ ਅਤੇ ਬੰਨ੍ਹ ਜਾਂ ਜੋੜ ਨੂੰ ਮੋੜਨਾ ਨਾ ਭੁੱਲੋ। ਫਿਰ ਇਧਰ-ਉਧਰ ਖਿਸਕਾਏ ਜਾਣ ਵਾਲੇ ਪੇਚ ਦੀ ਸਹਾਇਤਾ ਨਾਲ ਟਰੈਕਟਰ ਦੇ ਹੇਠਲੇ ਸੱਜੇ ਜੋੜ ਦੀ ਉਚਾਈ ਠੀਕ ਕਰ ਲਓ ਅਤੇ ਉਸ ਨੂੰ ਔਜ਼ਾਰ ਦੀ ਜੋੜ-ਕਿੱਲੀ ਨਾਲ ਬੰਨ੍ਹ ਦਿਓ । ਇਸੇ ਤਰ੍ਹਾਂ ਮੁੜ ਚਿਟਕਣੀ ਦੀ ਕਿੱਲੀ ਲਾ ਦਿਓ ਅਤੇ ਜੋੜ ਨੂੰ ਮੋੜ ਦਿਓ । ਥੱਲੇ ਦੀਆਂ ਦੋਹਾਂ ਕੜੀਆਂ ਨੂੰ ਬੰਨ੍ਹ ਚੁੱਕਣ ਤੋਂ ਬਾਅਦ ਟਰੈਕਟਰ ਉੱਤੇ ਮੁੜ ਸਵਾਰ ਹੋ ਜਾਓ ਅਤੇ ਉੱਪਰਲੀਆਂ ਕੜੀਆਂ ਨੂੰ ਔਜ਼ਾਰ ਦੀ ਜੋੜ-ਕੜੀ ਵਿਚਲੇ ਛੇਕਾਂ 'ਚ ਪਾਉ । (ਚਿੱਤਰ ਨੰ. 36)। ਜੇ ਇਹ ਨਾ ਹੋ ਸਕੇ ਤਾਂ ਉਪਰਲੀ ਕੜੀ ਦੀ ਲੰਬਾਈ ਨੂੰ ਇਸ ਉੱਪਰ ਲੱਗੇ ਪੇਚ ਦੀ ਮਦਦ ਨਾਲ ਠੀਕ ਕਰ ਲਓ । ਉੱਪਰਲੀਆਂ ਕੁਝ ਕੜੀਆਂ ਵਿੱਚ



ਚਿੱਤਰ ਨੰ. 36 : ਮਸ਼ੀਨਰੀ ਨੂੰ ਟਰੈਕਟਰ ਨਾਲ ਜੋੜਨ ਵੇਲੇ ਪਿੱਛੋਂ ਦੇਖੋ

ਉਨ੍ਹਾਂ ਨੂੰ ਛੋਟੀਆਂ-ਵੱਡੀਆਂ ਕਰਨ ਵਾਸਤੇ ਛੇਕ ਕੀਤੇ ਹੁੰਦੇ ਹਨ । ਤਿੰਨਾਂ ਹੀ ਥਾਵਾਂ ਨੂੰ ਜੋੜਨ ਤੋਂ ਪਿੱਛੋਂ ਇਕ ਵਾਰ ਮੁੜ ਇਹ ਜਾਂਚ ਕਰ ਲੈਣੀ ਚਾਹੀਦੀ ਹੈ ਕਿ ਹਰ ਇਕ ਥਾਂ ਤੇ ਚਿਟਕਣੀ ਦੀਆਂ ਕਿੱਲੀਆਂ ਤੇ ਬੰਨ੍ਹ ਠੀਕ ਤਰ੍ਹਾਂ ਮੋੜ ਦਿੱਤੇ ਗਏ ਹਨ ਜਾਂ ਨਹੀਂ ।

9. ਅਕਸਰ ਕਿਸਾਨ ਠੀਕ ਸਾਈਜ਼ ਦੀ ਚਿਟਕਣੀ-ਕਿੱਲੀ ਵਰਤਣ ਦਾ ਧਿਆਨ ਨਹੀਂ ਰੱਖਦੇ । ਇਸ ਦੇ ਫ਼ਲ-ਸਰੂਪ ਹਲਕੇ ਮੇਲ ਦੇ ਕਲ-ਪੁਰਜ਼ਿਆਂ ਦੇ ਖਰਾਬ ਹੋ ਜਾਣ ਨਾਲ ਕਈ ਹਾਦਸੇ ਹੋ ਜਾਂਦੇ ਹਨ । ਇਸ ਗੱਲ ਤੋਂ ਬਚਣਾ ਚਾਹੀਦਾ ਹੈ ।

10. ਮਸ਼ੀਨਰੀ ਜਾਂ ਸਾਜ਼-ਸਾਮਾਨ ਨੂੰ ਟਰੈਕਟਰ ਨਾਲ ਜੋੜਨ ਤੋਂ ਬਾਅਦ ਇਹ ਦੇਖ ਲਓ ਕਿ ਮਸ਼ੀਨਰੀ ਜਾਂ ਸਾਜ਼-ਸਾਮਾਨ ਦੇ ਨੇੜੇ ਤੇੜੇ ਕੋਈ ਬੰਦਾ ਖੜ੍ਹਾ ਜਾਂ ਬੈਠਾ ਹੋਇਆ ਨਾ ਹੋਵੇ ।

11. ਮਾਊਂਟਿਡ (ਉੱਪਰ-ਚੜ੍ਹੇ) ਜਾਂ ਸੈਮੀ-ਮਾਊਂਟਿਡ (ਅਰਧ-ਚੜ੍ਹੇ) ਸਾਜ਼-ਸਾਮਾਨ ਲਈ ਪਹਿਲਾਂ ਥਰੌਟਲ-ਲੀਵਰ ਲਗਪਗ 3/4 ਖੋਲ੍ਹੋ ਅਤੇ ਫਿਰ ਇਹ ਜਾਂਚ ਕਰਨ ਲਈ ਕਿ ਸਾਜ਼-ਸਾਮਾਨ ਠੀਕ ਤਰ੍ਹਾਂ ਜੁੜ ਗਿਆ ਹੈ ਜਾਂ ਨਹੀਂ, ਸਾਜ਼-ਸਾਮਾਨ ਨੂੰ ਉੱਪਰ ਚੁੱਕ ਲਓ । ਇਹ ਪੱਕਾ ਕਰ ਲਓ ਕਿ ਸੰਦ-ਔਜ਼ਾਰ ਆਡੇ-ਦਾਅ ਹੀ ਰਹੇ । ਠੀਕ ਤਰ੍ਹਾਂ ਜੁੜੇ ਹੋਏ ਹੋਣ ਦੀ ਹਾਲਤ ਵਿੱਚ ਉਹ ਪਾਸਿਆਂ ਨੂੰ ਨਹੀਂ ਲੁੜਕੇਗਾ। ਇਸ ਪਿੱਛੋਂ ਅਗਲਾ ਗੀਅਰ ਲਾ ਕੇ ਟਰੈਕਟਰ ਨੂੰ ਅੱਗੇ ਤੋਰਿਆ ਜਾ ਸਕਦਾ ਹੈ ।

12. ਮਸ਼ੀਨਰੀ ਜਾਂ ਸਾਜ਼-ਸਾਮਾਨ ਏਧਰ-ਉਧਰ ਨਾ ਝੂਲੇ ਜਾਂ ਇੱਕ ਪਾਸੇ ਨੂੰ ਨਾ ਲੁੜਕੇ, ਇਸ ਲਈ ਦੋਹਾਂ ਪਾਸਿਆਂ ਤੇ ਠੀਕ ਬਿਠਾਉਣ ਵਾਲੀਆਂ ਕੜੀਆਂ ਵਰਤਣੀਆਂ ਚਾਹੀਦੀਆਂ ਹਨ । ਕਤਾਰ ਫ਼ਸਲ ਕਲਟੀਵੇਟਰ, ਬੀਜਾਈ ਮਸ਼ੀਨ, ਕਟਾਈ-ਮਸ਼ੀਨ ਅਤੇ ਖੁਦਾਈ ਮਸ਼ੀਨ ਆਦਿ ਦੀ ਹਾਲਤ 'ਚ ਠੀਕ ਬਿਠਾਉਣ ਤੇ ਸੰਤੁਲਨ ਰੱਖਣ ਵਾਲੀਆਂ ਖਾਸ ਤੌਰ ਤੇ ਜ਼ਰੂਰੀ ਹਨ : ਕਿਉਂਕਿ ਪਿਛਲੇ ਪਾਸਿਉਂ ਇਨ੍ਹਾਂ ਦੇ ਫਰੇਮ ਬਹੁਤ ਲੰਮੇ ਅਤੇ ਅੱਗੇ ਵਧੇ ਹੋਏ ਹੁੰਦੇ ਹਨ ਅਤੇ ਟਰੈਕਟਰ ਦੇ ਚੱਲਣ ਤੇ ਉਹ ਇਧਰ-ਉਧਰ ਝੂਲਣ ਜਾਂ ਲੁੜਕਣ ਲੱਗ ਪੈਂਦੀਆਂ ਹਨ ।

ਟਰੈਕਟਰ ਦਾ ਸੁਰੱਖਿਅਤ ਚਾਲਨ

ਟਰੈਕਟਰ ਨੂੰ ਸੁਰੱਖਿਅਤ ਢੰਗ ਨਾਲ ਚਲਾਉਣ ਬਾਰੇ ਚਾਲਕ ਦੀ ਅਗਵਾਈ ਲਈ ਹੇਠਾਂ ਕੁਝ ਜ਼ਰੂਰੀ ਗੱਲਾਂ ਦਰਜ ਕੀਤੀਆਂ ਜਾਂਦੀਆਂ ਹਨ ।

1. ਓਨੀ ਦੇਰ ਤੱਕ ਟਰੈਕਟਰ ਨਾ ਚਲਾਉ ਜਦ ਤੱਕ ਕਿ ਤੁਹਾਨੂੰ ਟਰੈਕਟਰ ਚਲਾਉਣ ਦੀ ਪੂਰੀ ਤਰ੍ਹਾਂ ਜਾਚ ਨਹੀਂ ਆ ਜਾਂਦੀ ਅਤੇ ਉਸ ਨੂੰ ਕੰਟਰੋਲ ਕਰਨ ਦੀ ਮੁਕੰਮਲ ਜਾਣਕਾਰੀ ਨਹੀਂ ਕਰ ਲੈਂਦੇ ।

2. ਓਨਾ ਚਿਰ ਤੱਕ ਸੜਕ ਉੱਤੇ ਟਰੈਕਟਰ ਨਾ ਚਲਾਉ ਜਦੋਂ ਤੱਕ ਤੁਸੀਂ ਡਰਾਈਵਿੰਗ-ਲਾਈਸੈਂਸ ਹਾਸਲ ਨਹੀਂ ਕਰ ਲੈਂਦੇ ।
3. ਜਿਸ ਕਿਸਮ ਦੀ ਸਤ੍ਹਾ ਤੇ ਟਰੈਕਟਰ ਚਲਾਉਣਾ ਹੋਵੇ, ਉਸਦੇ ਮੁਤਾਬਕ ਠੀਕ ਗੀਅਰ ਵਰਤੋ ।
4. ਜਦੋਂ ਟਰੈਕਟਰ ਚੱਲ ਰਿਹਾ ਹੋਵੇ ਤਾਂ ਕਿਸੇ ਨੂੰ ਮਡਗਾਰਡ ਜਾਂ ਕਿਸੇ ਸੰਦ ਔਜ਼ਾਰ ਉੱਤੇ ਨਾ ਬੈਠਣ ਦਿਉ ।
5. ਟਰੈਕਟਰ ਚਲਾਉਣ ਲੱਗਿਆਂ, ਕਦੇ ਵੀ ਸਟੀਅਰਿੰਗ-ਚੱਕਰ (ਮੋੜਨ-ਚੱਕਰ) ਤੋਂ ਹੱਥ ਪਰ੍ਹੇ ਨਾ ਹਟਾਉ ਜਾਂ ਇੱਕ ਹੱਥ ਨਾਲ ਨਾ ਚਲਾਉ ।
6. ਮੋੜ ਆਦਿ ਕੱਟਣ ਲੱਗਿਆਂ, ਥਰੌਟਲ ਘੱਟ ਕਰ ਦਿਉ ਤਾਂ ਜੋ ਮੋੜ ਠੀਕ ਗੁਲਾਈ ਕੱਟ ਕੇ ਮੁੜੇ ।
7. ਟਰੈਕਟਰ ਚਲਾਉਣ ਵੇਲੇ ਕਦੇ ਵੀ ਆਪਣਾ ਪੈਰ ਕਲੱਚ ਜਾਂ ਬਰੇਕ-ਪੈਡਲ ਤੇ ਨਾ ਰੱਖੋ ।
8. ਜੇ ਟਰੈਕਟਰ ਦੇ ਪਿੱਛੇ ਟ੍ਰੇਲਰ, ਕੋਈ ਹੋਰ ਭਾਰੀ ਮਸ਼ੀਨਰੀ ਜਾਂ ਸਾਜ਼-ਸਮਾਨ ਜੋੜਿਆ ਹੋਵੇ ਤਾਂ ਟਰੈਕਟਰ ਬਹੁਤ ਤੇਜ਼ ਨਾ ਚਲਾਉ ।
9. ਟਰੈਕਟਰ ਚਲਾਉਣ ਤੋਂ ਪਹਿਲਾਂ ਇਹ ਨਿਸ਼ਚਾ ਕਰ ਲਉ ਕਿ ਪੈਰ ਦੀ ਬਰੇਕ ਅਤੇ ਹੱਥ ਦੀ ਬਰੇਕ ਠੀਕ-ਠਾਕ ਕੰਮ ਕਰ ਰਹੀਆਂ ਹਨ ।

ਟਰੈਕਟਰ ਬਾਰੇ ਕੁਝ ਹੋਰ ਜ਼ਰੂਰੀ ਗੱਲਾਂ

ਕਰਨ ਯੋਗ ਅਤੇ ਨਾ ਕਰਨ ਯੋਗ ਗੱਲਾਂ

ਕਰਨ ਯੋਗ ਗੱਲਾਂ

1. ਆਪਣੇ ਟਰੈਕਟਰ ਨੂੰ ਸਾਫ਼ ਰੱਖੋ ਅਤੇ ਨਟ ਬੋਲਟਾਂ ਦੀ ਜਾਂਚ ਕਰਦੇ ਰਹੋ ।
2. ਹਮੇਸ਼ਾਂ ਮਨਜ਼ੂਰ ਸ਼ੁਦਾ ਅਤੇ ਚੰਗੇ ਕਿਸਮ੍ ਦੇ ਤੇਲ ਦੀ ਵਰਤੋਂ ਕਰੋ ।
3. ਆਪਣੇ ਟਰੈਕਟਰ ਦੀ ਡੀਜ਼ਲ ਟੈਂਕੀ ਕੰਮ ਕਰਨ ਤੋਂ ਬਾਅਦ ਭਰ ਕੇ ਰੱਖੋ ।
4. ਆਪਣੇ ਟਰੈਕਟਰ ਦੀ ਡੀਜ਼ਲ ਫਿਲਟਰਾਂ ਨੂੰ ਠੀਕ ਸਮੇਂ ਸਿਰ ਬਦਲੀ ਕਰਦੇ ਰਹੋ ।
5. ਸਦਾ ਸਾਫ਼ ਅਤੇ ਹਾਈ ਸਪੀਡ ਡੀਜ਼ਲ ਦੀ ਵਰਤੋਂ ਕਰੋ ।
6. ਤੇਲਾਂ ਦੇ ਰਿਸਣ ਜਾਂ ਟਪਕਣ ਦੀ ਹਾਲਤ ਵਿੱਚ ਉਸ ਨੂੰ ਉਸੇ ਵੇਲੇ ਠੀਕ ਕਰਾਉ।
7. ਆਪਣੇ ਪਾਸ ਜਲਦੀ ਘਸਣ ਜਾਂ ਬਦਲੀ ਕਰਨ ਵਾਲੇ ਪੁਰਜ਼ੇ ਜਿਵੇਂ ਕਿ ਫੈਨ/ਪੱਖੇ ਦੀ ਬੈਲਟ, ਡੀਜ਼ਲ ਅਤੇ ਤੇਲ ਫਿਲਟਰਾਂ ਨੂੰ ਪਹਿਲਾਂ ਹੀ ਖ਼ਰੀਦ ਕੇ ਰੱਖੋ।

8. ਟਰੈਕਟਰ ਨੂੰ ਖੜ੍ਹਾ ਕਰਨ ਲੱਗਿਆਂ ਆਪਣੇ ਉਪਕਰਣ ਨੂੰ ਜ਼ਮੀਨ ਤੇ ਰੱਖੋ ਅਤੇ ਹੱਥ ਵਾਲੀ ਬਰੇਕ ਦੀ ਵਰਤੋਂ ਕਰੋ । ਗੇਅਰ ਨੂੰ ਨਾ ਤੁਰਨ ਵਾਲੀ ਥਾਂ ਕਰੋ ।
9. ਟਰੈਕਟਰ ਨੂੰ ਚਾਲੂ ਕਰਨ ਲੱਗਿਆਂ ਕਲੱਚ ਪੈਡਲ ਨੂੰ ਦਬਾ ਲੈਣਾ ਚਾਹੀਦਾ ਹੈ।
10. ਟਰੈਕਟਰ ਬੈਟਰੀ ਨੂੰ ਸਾਫ਼ ਰੱਖੋ । ਕਸ਼ੀਦੇ ਪਾਣੀ ਦੀ ਵਰਤੋਂ ਕਰੋ ਅਤੇ ਬੈਟਰੀ ਟਰਮੀਨਲਾਂ ਤੇ ਪੈਟਰੋਲੀਅਮ ਜੈਲੀ ਦੀ ਵਰਤੋਂ ਕਰੋ ।
11. ਆਪਣੇ ਟਰੈਕਟਰ ਨੂੰ ਘੱਟ ਤੋਂ ਘੱਟ ਪੱਕੀ ਸੜਕ ਤੇ ਚਲਾਉ ।
12. ਟਰੈਕਟਰ ਉੱਪਰ ਖੱਬੇ ਪਾਸੇ ਤੋਂ ਚੜ੍ਹੋ ਅਤੇ ਖੱਬੇ ਪਾਸੇ ਹੀ ਉਤਰੋ ।

ਨਾ ਕਰਨ ਯੋਗ ਗੱਲਾਂ

1. ਆਪਣੇ ਟਰੈਕਟਰ ਦੀ ਸਮਾਂ-ਬੱਧ ਦੇਖਭਾਲ ਕਰਨਾ ਨਾ ਭੁੱਲੋ ।
2. ਆਪਣੇ ਟਰੈਕਟਰ ਨੂੰ ਬਗੈਰ ਨੁਕਸ ਕੋਈ ਛੇੜ ਛਾੜ ਨਾ ਕਰੋ ।
3. ਆਪਣੇ ਟਰੈਕਟਰ ਤੇ ਸਮਰਥਾ ਤੋਂ ਜ਼ਿਆਦਾ ਭਾਰ ਨਾ ਪਾਓ ।
4. ਆਪਣੇ ਡੀਜ਼ਲ ਪੰਪ ਦੀ ਰਫ਼ਤਾਰ ਤੇਲ ਵਧ ਜਾਂ ਘੱਟ ਕਰਨ ਵਾਲੀ ਸੀਲ ਨਾ ਤੋੜੋ ।
5. ਟਰੈਕਟਰ ਚਲਾਉਣ ਸਮੇਂ ਉਪਕਰਣ ਜਾਂ ਮਡਗਾਰਡ ਤੇ ਨਾ ਬੈਠੋ ।
6. ਦੋਨੋ ਬਰੇਕਾਂ ਨੂੰ ਜੋੜੇ ਬਗੈਰ ਟਰੈਕਟਰ ਨੂੰ ਸੜਕ ਤੇ ਨਾ ਚਲਾਓ ।
7. ਟਰੈਕਟਰ ਚਲਾਉਣ ਸਮੇਂ ਕਲੱਚ ਪੈਡਲ ਤੇ ਪੈਰ ਨਾ ਰੱਖੋ ।
8. ਅਣਜਾਣ ਬੰਦੇ ਨੂੰ ਕਦੇ ਵੀ ਟਰੈਕਟਰ ਨਾ ਚਲਾਉਣ ਦਿਓ ।
9. ਨਸ਼ਾ ਕਰਕੇ ਜਾਂ ਸ਼ਰਾਬ ਪੀ ਕੇ ਟਰੈਕਟਰ ਨੂੰ ਨਾ ਚਲਾਓ ।
10. ਬੈਟਰੀ ਟਰਮੀਨਲਾਂ ਤੇ ਗਰੀਸ ਦੀ ਵਰਤੋਂ ਨਾ ਕਰੋ ।
11. ਟਰੈਕਟਰ ਵਿੱਚ ਨੁਕਸ ਪੈਣ ਤੇ ਆਪਣਾ ਅੰਦਾਜ਼ਾ ਨਾ ਲਗਾਓ ਸਗੋਂ ਕਿਸੇ ਮਾਹਿਰ ਦੀ ਸਲਾਹ ਲਓ ।
12. ਟਰੈਕਟਰ ਵਿੱਚ ਡੀਜ਼ਲ ਨਾ ਮੁੱਕਣ ਦਿਉ । ਇਸ ਨਾਲ ਫਿਊਲ ਸਿਸਟਮ ਵਿੱਚ ਹਵਾ ਚਲੀ ਜਾਂਦੀ ਹੈ ।
13. ਅਲਟਰਨੇਟਰ/ਡਾਇਨਮੋ ਨੂੰ ਪਲਾਸਟਿਕ ਦੇ ਲਿਫ਼ਾਫ਼ੇ ਨਾਲ ਢੱਕਣ ਤੋਂ ਬਿਨਾਂ ਟਰੈਕਟਰ ਨੂੰ ਨਾ ਧੋਵੋ ।
14. ਟਰੈਕਟਰ ਨੂੰ ਧੋਣ ਵੇਲੇ ਇੰਜਣ ਨੂੰ ਚਾਲੂ ਨਾ ਰੱਖੋ ਕਿਉਂਕਿ ਪਾਣੀ ਏਅਰ ਕਲੀਨਰ ਰਾਹੀਂ ਅੰਦਰ ਖਿੱਚਿਆ ਜਾ ਸਕਦਾ ਹੈ ਅਤੇ ਇੰਜਣ ਦਾ ਨੁਕਸਾਨ ਕਰ ਸਕਦਾ ਹੈ ।

ਡੀਜ਼ਲ ਤੇਲ ਦੀ ਬੱਚਤ ਅਤੇ ਟਰੈਕਟਰ ਦੇ ਬੇਹਤਰ ਸੰਚਾਲਨ ਅਤੇ ਦੇਖ ਰੇਖ ਦੇ 10 ਅਸਾਨ ਤਰੀਕੇ


ਹਰ ਸਮਝਦਾਰ ਕਿਸਾਨ ਅਜਿਹੀ ਹਰ ਗੱਲ ਵੱਲ ਧਿਆਨ ਦੇਂਦਾ ਹੈ ਜੋ ਉਸ ਦੇ ਵਸ ਵਿੱਚ ਹੈ ਅਤੇ ਜਿਸ ਨਾਲ ਉਸ ਦਾ ਫ਼ਾਇਦਾ ਹੁੰਦਾ ਹੋਵੇ ਪਰ ਕੁਝ ਅਜਿਹੀਆਂ ਗੱਲਾਂ ਹਨ ਜੋ ਉਸ ਦੇ ਵੱਸ ਵਿੱਚ ਨਹੀਂ ਹਨ ਜਿਵੇਂ ਮੌਸਮ ਦੀ ਅਦਲਾ ਬਦਲੀ ਅਤੇ ਕੁਦਰਤ ਦੀਆਂ ਕਰੋਪੀਆਂ ਜਿਨ੍ਹਾਂ ਤੇ ਕਾਬੂ ਨਹੀਂ ਪਾਇਆ ਸਕਦਾ । ਕਦੀ ਇਹ ਕਿਸਾਨ ਦੀਆਂ ਬਹੁਤ ਚੰਗੀਆਂ ਮਿੱਤਰ ਹੁੰਦੀਆਂ ਹਨ ਅਤੇ ਕਦੀ ਉਸਦੀ ਫ਼ਸਲ ਹੀ ਚੌਪਟ ਕਰ ਦਿੰਦੀਆਂ ਹਨ ਪਰ ਉਸਦੇ ਵੱਸ ਵਿੱਚ ਕਈ ਅਜਿਹੀਆਂ ਗੱਲਾਂ ਹਨ ਜਿੰਨ੍ਹਾਂ ਤੇ ਕਾਬੂ ਰੱਖਿਆ ਜਾ ਸਕਦਾ ਹੈ ।

ਜਿਵੇਂ ਉਸ ਦੇ ਟਰੈਕਟਰ ਵਿੱਚ ਡੀਜ਼ਲ ਤੇਲ ਦੀ ਖਪਤ

ਅਸੀਂ ਇਸ ਕਿਤਾਬ ਰਾਹੀਂ ਦੱਸਾਂਗੇ ਕਿ ਤੁਸੀਂ ਕਿਸ ਤਰ੍ਹਾਂ ਡੀਜ਼ਲ ਤੇਲ ਦੀ ਬੱਚਤ ਕਰ ਸਕਦੇ ਹੋ ਅਤੇ ਆਪਣੇ ਖ਼ੂਨ ਪਸੀਨੇ ਦੀ ਕਮਾਈ ਨੂੰ ਬਰਬਾਦ ਹੋਣ ਤੋਂ ਬਚਾ ਸਕਦੇ ਹੋ ।


1. ਆਪਣੇ ਟਰੈਕਟਰ ਨੂੰ ਜਾਣੋ

ਆਪਣੇ ਟਰੈਕਟਰ ਦੀ ਦੇਖਭਾਲ ਅਤੇ ਸੰਚਾਲਨ ਲਈ ਤੁਹਾਨੂੰ ਜੋ ਕੁਝ ਜਾਨਣਾ ਚਾਹੀਦਾ ਹੈ ਉਹ ਸਾਰੀਆਂ ਗੱਲਾਂ ਤੁਹਾਨੂੰ ਆਪਣੀ ਪੁਸਤਿਕਾ 'ਚੋਂ ਪਤਾ ਲੱਗ ਜਾਵੇਗਾ। ਤਜ਼ਰਬਿਆਂ ਨੇ ਸਿੱਧ ਕਰ ਦਿੱਤਾ ਹੈ ਕਿ ਜਿਸ ਟਰੈਕਟਰ ਦੀ ਦੇਖਭਾਲ ਖ਼ਰਾਬ ਢੰਗ ਨਾਲ ਕੀਤੀ ਗਈ ਹੋਵੇ ਉਸ ਟਰੈਕਟਰ ਵਿੱਚ 25% ਤੱਕ ਕੀਮਤੀ ਡੀਜ਼ਲ ਦੀ ਬਰਬਾਦੀ ਹੁੰਦੀ ਹੈ । ਜਦੋਂ ਕਦੀ ਟਰੈਕਟਰ ਵਿੱਚ ਨੁਕਸ ਪੈਣ ਦੀ ਸ਼ੰਕਾ ਹੋਵੇ ਕਿਸੇ ਚੰਗੇ ਮਿਸਤਰੀ ਜਾਂ ਆਪਣਾ ਨੇੜੇ ਦੇ ਡੀਲਰ ਪਾਸੋਂ ਜਾਂਚ ਕਰਾਓ ।



2. ਡੀਜ਼ਲ ਤੇਲ ਲੀਕ ਨਾ ਹੋਣ ਦਿਓ


ਆਪਣਾ ਟਰੈਕਟਰ ਦੀ ਹਰ ਰੋਜ਼ ਜਾਂਚ ਕਰੋ, ਜੇਕਰ ਇੱਕ ਸਕਿੰਟ ਵਿੱਚ ਇੱਕ ਬੂੰਦ ਟਪਕਦੀ ਰਹੇ ਤਾਂ ਇੱਕ



ਡੀਜ਼ਲ ਟੈਂਕੀ ਦੇ ਢੱਕਣ ਤੋਂ ਬਗੈਰ ਟਰੈਕਟਰ ਨੂੰ ਨਾ ਚਲਾਓ । ਜੇਕਰ ਕਿਸੇ ਵੀ ਜੋੜ ਤੋਂ ਤੇਲ ਲੀਕ ਕਰਦਾ ਹੈ ਤਾਂ ਉਸ ਨੂੰ ਠੀਕ ਕਰਾਓ ।

3. ਜਦ ਟਰੈਕਟਰ ਰੋਕੋ ਤਾਂ ਇੰਜਣ ਬੰਦ ਕਰ ਦਿਉ ।


ਕੰਮ ਤੋਂ ਬਿਨਾਂ ਟਰੈਕਟਰ ਦਾ ਇੰਜਣ ਚੱਲਦਾ ਰਹਿਣ ਨਾਲ ਹਰ ਘੰਟੇ 1 ਲਿਟਰ ਤੋਂ ਵੱਧ ਡੀਜ਼ਲ ਤੇਲ ਬਰਬਾਦ ਹੁੰਦਾ ਹੈ ।



ਇੰਜਣ ਚਾਲੂ ਕਰਨ ਵਾਲੀ ਪ੍ਰਣਾਲੀ ਨੂੰ ਠੀਕ ਹਾਲਤ ਵਿੱਚ ਰੱਖੋ, ਨਹੀਂ ਤਾਂ ਬਿਨਾਂ ਕੰਮ ਟਰੈਕਟਰ ਦੇ ਇੰਜਣ ਨੂੰ ਚਾਲੂ ਰੱਖਣ ਤੇ ਮਜ਼ਬੂਰ ਹੋਣਾ ਪੈ ਸਕਦਾ ਹੈ ਜੋ ਧੰਨ ਅਤੇ ਤੇਲ ਦੀ ਬਰਬਾਦੀ ਹੈ ।

4. ਹਮੇਸ਼ਾਂ ਸਹੀ ਗੇਅਰ ਵਿੱਚ ਚਲਾਓ


ਜੇਕਰ ਤੁਹਾਡਾ ਟਰੈਕਟਰ ਭਾਰੀ ਵਜ਼ਨ ਖਿੱਚਣ ਵਿੱਚ ਉੱਚਤਮ ਜ਼ੋਰ ਲਗਾ ਰਿਹਾ ਹੋਵੇ ਤਾਂ ਹੇਠਲੇ ਗੇਅਰ ਦੀ ਵਰਤੋਂ ਕਰੋ । ਗਲਤ ਗੇਅਰ ਲਗਾਉਣ ਨਾਲ ਡੀਜ਼ਲ ਤੇਲ ਦੀ ਖਪਤ 30% ਤੱਕ ਵਧ ਜਾਂਦੀ ਹੈ ਅਤੇ ਕਾਰਜ ਸਮਰਥਾ 50% ਘੱਟ ਸਕਦੀ ਹੈ ।



ਚੇਤੇ ਰੱਖੋ ਜਦ ਟਰੈਕਟਰ ਦੇ ਇੰਜਣ ਵਿੱਚ ਕਾਲਾ ਧੂੰਆਂ ਨਿਕਲਣ ਲੱਗੇ ਤਾਂ ਸਮਝੋ ਵਜ਼ਨ ਜ਼ਿਆਦਾ ਹੈ ਤਾਂ ਹੇਠਲਾ ਗੇਅਰ ਲਗਾ ਲਵੋ ।


5. ਕੀ ਤੁਹਾਡਾ ਟਰੈਕਟਰ ਵੀ ਧੂੰਆਂ ਦਿੰਦਾ ਹੈ

ਜਿਸ ਟਰੈਕਟਰ 'ਚੋਂ ਬਹੁਤ ਜ਼ਿਆਦਾ ਧੂੰਆਂ ਨਿਕਲੇ ਤਾਂ ਸਮਝੋ ਕੀਮਤੀ ਡੀਜ਼ਲ ਬਰਬਾਦ ਹੋ ਰਿਹਾ ਹੈ । ਵੱਡੇ ਸਾਈਜ਼ ਦੇ ਉਪਕਰਨਾਂ ਜਾਂ ਗਲਤ ਗੇਅਰ ਲਗਾਉਣ ਨਾਲ ਟਰੈਕਟਰ ਦਾ ਇੰਜਣ ਜ਼ਿਆਦਾ ਧੂੰਆਂ ਦੇਣ ਲੱਗਦਾ ਹੈ । ਜੇਕਰ ਹਲਕੇ ਕੰਮ ਕਰਨ ਨਾਲ ਵੀ ਧੂੰਆਂ ਨਿਕਲਣਾ ਜਾਰੀ ਰਹੇ ਤਾਂ ਕਿਸੇ ਚੰਗੇ ਮਿਸਤਰੀ ਪਾਸੋਂ ਵਾਲਵਾਂ ਦੀ ਅਡਜਸਟਮੈਂਟ ਅਤੇ ਡੀਜ਼ਲ ਪੰਪ ਦੇ ਟਾਈਮਿੰਗ ਦੀ ਜਾਂਚ ਕਰਾਓ । ਖ਼ਰਾਬ ਡੀਜ਼ਲ ਪੰਪ ਅਤੇ ਨੋਜ਼ਲਾਂ ਦੀ ਵਰਤੋਂ ਕਰਨ ਨਾਲ ਤੇਲ




ਨੋਜ਼ਲਾਂ ਦੀ ਵਰਤੋਂ ਕਰਨ ਨਾਲ ਤੇਲ ਦੀ ਖਪਤ 25% ਤੱਕ ਵਧ ਸਕਦੀ ਹੈ। ਵੱਡੇ ਅਕਾਰ ਅਤੇ ਭਾਰੀ ਉਪਕਰਣਾਂ ਦੀ ਵਰਤੋਂ ਨਾ ਕਰੋ।

6. ਧੂਲ ਤੁਹਾਡੇ ਇੰਜਨ ਦਾ ਸਭ ਤੋਂ ਵੱਡਾ ਦੁਸ਼ਮਣ




ਟਰੈਕਟਰ ਨੂੰ ਅਕਸਰ ਧੂਲ ਮਿੱਟੀ ਵਿੱਚ ਕੰਮ ਕਰਨਾ ਪੈਂਦਾ ਹੈ । ਇਸ ਲਈ ਚੰਗਾ ਪੌਣ ਸੋਧਕ ਬਹੁਤ ਜਰੂਰੀ ਹੈ । ਤਜ਼ਰਬਿਆਂ ਨੇ ਸਿੱਧ ਕਰ ਦਿੱਤਾ ਹੈ ਕਿ ਬਿਨਾਂ ਸਾਫ਼ ਕੀਤਾ ਹਵਾ ਦੇ ਇੰਜਨ ਨੂੰ ਚਲਾਉਣ ਨਾਲ ਸਿਲੰਡਰ ਬੋਰ ਸਾਮਾਨਿਧ ਦੇ ਮੁਕਾਬਲੇ 45 ਅਤੇ ਪਿਸਟਨ ਰਿੰਗ 115 ਗੁਣਾ ਤੇਜ਼ੀ ਨਾਲ ਘਸਦੇ ਹਨ। ਆਪਣੇ ਪੌਣ ਸੋਧਕ ਦੇ ਰਬੜ ਪਾਈਪਾਂ ਦੀ ਜਾਂਚ ਕਰਦੇ ਰਹੋ ਤਾਂ ਜੋ ਇੰਜਨ ਨੂੰ ਪੌਣ ਸੋਧਕ ਦੁਆਰਾ ਸਾਫ਼ ਹਵਾ ਹੀ ਜਾ ਸਕੇ । ਪੌਣ ਸੋਧਕ ਨੂੰ ਠੀਕ ਸਮੇਂ ਤੇ ਸਾਫ਼ ਕਰਦੇ ਰਹੋ।

7. ਜੋ ਪਹੀਏ ਤਿਲਕਦੇ ਹਨ, ਉਹ ਡੀਜ਼ਲ ਤੇਲ ਬਰਬਾਦ ਕਰਦੇ ਹਨ



ਟਰੈਕਟਰ ਦੇ ਪਹੀਆਂ ਨੂੰ ਪਾਣੀ ਦਾ ਵੱਧ ਭਾਰ ਜਾਂ ਢਲਵੇਂ ਲੋਹੇ ਦਾ ਵਜ਼ਨ ਪਾ ਕੇ ਤਿਲਕਣ ਤੋਂ ਬਚਾਓ । ਪਹੀਏ ਦੀ ਤਿਲਕਣ ਘੱਟ ਤੋਂ ਘੱਟ ਰੱਖਣ ਲਈ ਟਰੈਕਟਰ ਤੇ ਲੋੜ ਤੋਂ ਜ਼ਿਆਦਾ ਵਜ਼ਨ ਨਾ ਪਾਓ । ਆਮ ਹਾਲਤ ਵਿੱਚ ਵਾਧੂ ਭਾਰ ਹਟਾ ਲਉ ।

8. ਪੁਰਾਣੇ ਟਾਇਰਾਂ ਨਾਲ ਖਿੱਚਣ ਦੀ ਸ਼ਕਤੀ ਘਟ ਜਾਂਦੀ ਹੈ ।




ਟਾਇਰਾਂ ਦੀ ਹਰ ਇੱਕ ਸਾਲ ਬਾਅਦ ਅਦਲਾ ਬਦਲੀ ਕਰਨ ਨਾਲ ਟਾਇਰਾਂ ਦੀ ਘਸਾਈ ਘਟਦੀ ਹੈ। ਟਾਇਰਾਂ ਵਿੱਚ ਠੀਕ ਮਾਤਰਾ ਵਿੱਚ ਹਵਾ ਦਾ ਦਬਾਅ ਰੱਖੋ। ਘਸੇ ਟਾਇਰਾਂ ਨੂੰ ਠੀਕ ਸਮੇਂ ਤੇ ਨਵੀਂ ਰਬੜ ਚੜ੍ਹਵਾ ਲਵੋ । ਪਿਛਲੇ ਟਾਇਰਾਂ ਨੂੰ ਅੱਗਿਉਂ ਵੇਖਣ ਤੇ ਤਿੱਖੀ ਨੋਕ ਵਾਲਾ ਪਾਸਾ ਹੇਠਲੀ ਤਰਫ਼ ਰਹੇ ਇਸ ਨਾਲ ਟਾਇਰਾਂ ਦੀ ਪਕੜ ਵਧਦੀ ਹੈ।

9. ਵਜ਼ਨ ਓਨਾ ਹੀ ਪਾਉ ਜਿੰਨਾ ਢੋਣ ਦੀ ਸਮਰਥਾ ਹੋਵੇ


ਉਪਕਰਨਾਂ ਦਾ ਆਕਾਰ ਅਤੇ ਟਰੈਕਟਰ ਚਲਾਉਣ ਦੀ ਰਫ਼ਤਾਰ ਓਨੀ ਹੀ ਰੱਖੋ ਜੋ ਇੰਜਨ ਦੀ ਪੂਰੀ ਸ਼ਕਤੀ ਨਾਲ ਮੇਲ ਖਾਏ ।

ਵੱਡੇ ਗੇਅਰ ਵਿੱਚ ਚੱਲੋ ਪਰ ਟਰੈਕਟਰ 'ਚੋਂ ਧੂੰਆਂ ਨਾ ਨਿਕਲੇ । ਜੇਕਰ ਤੁਹਾਡਾ ਟਰੈਕਟਰ ਟਾਪ ਗੇਅਰ ਨਾਲ ਅੱਗੇ ਵਧਦਾ ਹੈ ਤਾਂ ਤੁਹਾਡਾ ਉਪਕਰਣ ਬਹੁਤ ਛੋਟਾ ਹੈ। ਠੀਕ ਉਪਕਰਣਾਂ ਦੀ ਵਰਤੋਂ ਕਰਨ ਨਾਲ ਤੁਹਾਨੂੰ ਟਰੈਕਟਰ ਦੀ ਸ਼ਕਤੀ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਅਤੇ ਡੀਜ਼ਲ ਦੀ ਬਰਬਾਦੀ ਰੋਕਣ ਵਿੱਚ ਮਦਦ ਮਿਲਦੀ ਹੈ।



ਜੇਕਰ ਤੁਸੀਂ ਅਕਾਰ ਵਿੱਚ ਛੋਟੇ ਉਪਕਰਨਾਂ ਦੀ ਵਰਤੋਂ ਕਰੋ ਤਾਂ ਅਤੇ ਘੱਟ ਰਫ਼ਤਾਰ ਤੇ ਚੱਲੋ ਤਾਂ ਤੁਸੀਂ 30% ਤੱਕ ਤੇਲ ਦੀ ਖਪਤ ਬਚਾ ਸਕਦੇ ਹੋ । ਉਪਕਰਨਾਂ ਦੀ ਚੋਣ ਕਰਦੇ ਸਮੇਂ ਕਿਸੇ ਮਾਹਿਰ ਦੀ ਸਲਾਹ ਲਉ ।

10. ਖੇਤ ਵਿੱਚ ਸੰਚਾਲਨ ਦੀ ਯੋਜਨਾ ਬਣਾ ਲਉ




ਯੋਜਨਾਬੰਦੀ ਅਨੁਸਾਰ ਜੋਤਾਈ ਕਰੋਗੇ ਤਾਂ ਬਿਨਾਂ ਲੋੜ ਇੰਜਨ ਚਾਲੂ ਰੱਖਣ ਵਿੱਚ ਕਮੀ ਆਏਗੀ ਅਤੇ ਟਰੈਕਟਰ ਨੂੰ ਵਾਰ-ਵਾਰ ਇਧਰ ਉਧਰ ਕਰਨਾ ਨਹੀਂ ਪਵੇਗਾ । ਜੇਕਰ ਤੁਸੀਂ ਖੇਤ ਵਿੱਚ ਛੋਟੀ ਵਾਹੀ ਦੇ ਬਜਾਏ ਲੰਮੇ ਪਾਸੇ ਟਰੈਕਟਰ ਨੂੰ ਚਲਾਉਗੇ ਤਾਂ ਡੀਜ਼ਲ ਦੀ ਬੱਚਤ ਹੋਵੇਗੀ ।

ਤੁਹਾਡਾ ਆਰਥਿਕ ਮਾਰਗ ਸਿੱਧਾ ਅਤੇ ਸਮਾਨਅੰਤਰ ਹੋਣਾ ਚਾਹੀਦਾ ਹੈ । ਬਗਲ ਵੱਲ ਉੱਪਰ ਦੀ ਜ਼ਮੀਨ ਨੂੰ ਖੇਤ ਦੇ ਚਾਰੇ ਪਾਸੇ ਲਗਾਤਾਰ ਸੰਚਾਲਨ ਕਰਕੇ ਵਾਹੇ ਹੋਏ ਖੇਤ ਨੂੰ ਦੁਬਾਰਾ ਨਾ ਵਾਹੋ ।

11. ਪੰਪ ਸੈੱਟ ਜਾਂ ਥਰੈਸ਼ਰ ਦਾ ਉਪਯੋਗ

ਆਪਣੇ ਟਰੈਕਟਰਾਂ ਦੇ ਇੰਜਨ ਦੀ ਸਪੀਡ ਓਨੀ ਹੀ ਰੱਖੋ, ਜਿਸ ਨਾਲ ਉਹ ਦੱਸੀ ਗਈ ਰਫ਼ਤਾਰ ਤੇ ਚੱਲੇ । ਉਹ ਪੀ.ਟੀ.ਉ. ਲਈ ਹੋਵੇ ਜਾਂ ਬੈਲਟ ਡਰਾਈਵ ਲਈ ਜੇਕਰ ਤੁਹਾਡੇ ਟਰੈਕਟਰ ਵਿੱਚ ਟੈਕੋਮੀਟਰ ਲੱਗਿਆ ਹੋਇਆ ਹੈ ਤਾਂ ਇੰਜਨ ਦੀ ਸਹੀ ਗਤੀ ਡਾਇਲ ਮੀਟਰ ਤੇ ਅੰਕਿਤ ਹੋਵੇਗੀ ।



ਜੇਕਰ ਇੰਜਨ ਦੇ ਚੱਕਰ ਦੱਸਣ ਵਾਲਾ ਮੀਟਰ ਨਹੀਂ ਲੱਗਾ ਤਾਂ ਕਿਸੇ ਮਾਹਿਰ ਦੀ ਮਦਦ ਲਵੋ । ਜੇਕਰ ਤੁਸੀਂ ਆਪਣੇ ਇੰਜਨ ਨੂੰ ਸਭ ਤੋਂ ਚੰਗੀ ਗਤੀ ਤੇ ਚਲਾਓ ਅਤੇ


ਪੰਪ ਜਾਂ ਥਰੈਸ਼ਰ ਲਈ ਪੀ.ਟੀ.ਉ. ਜਾਂ ਬੈਲਟ (ਪੱਟੇ) ਨੂੰ ਸਭ ਤੋਂ ਚੰਗੀ ਗਤੀ ਤੇ ਚਲਾਓ ਤਾਂ ਤੁਸੀਂ ਡੀਜ਼ਲ ਤੇਲ ਪੈਸਿਆਂ ਦੀ ਬੱਚਤ ਕਰ ਸਕਦੇ ਹੋ ।

ਟਰੈਕਟਰ ਤੋਂ ਵਧੀਆ ਕੰਮ ਲੈਣ ਲਈ ਖੇਤ ਦੀ ਸਹੀ ਰੂਪ-ਰੇਖਾ ਤਿਆਰ ਕਰਨਾ


ਜਿੰਨੀ ਦੇਰ ਤੱਕ ਅਗਾਊਂ ਵਿਉਂਤਬੰਦੀ ਨਾ ਕੀਤੀ ਜਾਵੇ ਅਤੇ ਖੇਤਾਂ ਦੀ ਰੂਪ-ਰੇਖਾ ਠੀਕ ਤਰ੍ਹਾਂ ਤਿਆਰ ਨਾ ਕੀਤੀ ਜਾਵੇ, ਉਦੋਂ ਤੱਕ ਟਰੈਕਟਰ ਦਾ ਚਲਾਉਣਾ ਕਿਫ਼ਾਇਤ-ਵਾਲਾ ਤੇ ਅਸਰਦਾਰ ਨਹੀਂ ਹੋ ਸਕਦਾ । ਖੇਤੀ ਦੀ ਗਲਤ ਰੂਪ-ਰੇਖਾ ਕਾਰਨ, ਕਈ ਵਾਰ ਟਰੈਕਟਰ ਨੂੰ ਖਾਹ-ਮਖਾਹ ਇਧਰ ਉਧਰ ਬੇਕਾਰ ਘੁਮਾਉਣ ਅਤੇ ਮੋੜ ਕੱਟਣ ਵਿੱਚ ਹੀ ਬਹੁਤ ਸਾਰਾ ਵਕਤ ਅਜਾਈਂ ਚਲਿਆ ਜਾਂਦਾ ਹੈ ਜਿਸਦਾ ਨਤੀਜਾ ਇਹ ਹੁੰਦਾ ਹੈ ਕਿ ਟਰੈਕਟਰ ਦੀ ਖੇਤ ਵਿੱਚ ਕੰਮ ਕਰਨ ਦੀ ਯੋਗਤਾ ਘਟ ਜਾਂਦੀ ਹੈ । ਟਰੈਕਟਰ ਵਰਤਣ ਅਤੇ ਚਲਾਉਣ ਵਾਲਿਆਂ ਦੀ ਅਗਵਾਈ ਲਈ ਏਥੇ ਖੇਤ ਦੀ ਰੂਪ-ਰੇਖਾ ਦੇ ਕੁਝ ਖਾਸ ਨਮੂਨੇ ਦਿੱਤੇ ਗਏ ਹਨ । ਵਾਹੀ ਲਈ ਖੇਤ ਨੂੰ ਚੌੜੇ ਰੁਖ਼ ਕੁਝ ਹਿੱਸਿਆਂ ਵਿੱਚ ਵੰਡ ਲਿਆ ਜਾਂਦਾ ਹੈ ਜਾਂ ਫਿਰ ਤਕਰੀਬਨ ਦਸ-ਦਸ ਮੀਟਰ ਦੇ ਵੱਖ ਵੱਖ ਖੱਤਿਆਂ 'ਚ ਤਕਸੀਮ ਕਰ ਲਿਆ ਜਾਂਦਾ ਹੈ ਅਤੇ ਦੋਹਾਂ ਸਿਰਿਆਂ ਉੱਤੇ ਟਰੈਕਟਰ ਦੇ ਮੋੜਨ ਲਈ 6 ਤੋਂ 8 ਮੀਟਰ ਥਾਂ ਵੱਖਰੀ ਛੱਡੀ ਜਾਂਦੀ ਹੈ, ਜੇ ਖੇਤ ਘੱਟ ਚੌੜੇ ਜਾਂ ਤੰਗ ਹੋਣ ਤਾਂ ਕੋਨਿਆਂ ਦੀ ਵੱਖਰੀ ਛੱਡੀ ਥਾਂ ਦੀ ਵਾਹੀ ਤੇ ਜ਼ਿਆਦਾ ਸਮਾਂ ਲੱਗਦਾ ਹੈ । ਚਿੱਤਰ ਨੰ. 37 ਵਿੱਚ ਖੇਤ ਦੀ ਵਾਹੀ ਦਾ ਇਕ ਅਜਿਹਾ ਨਮੂਨਾ ਦਰਸਾਇਆ ਗਿਆ ਹੈ ਜਿਸ ਵਿੱਚ ਖੇਤ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਹੈ । ਅਜਿਹੇ ਨਮੂਨੇ ਵਿੱਚ ਦੋ ਉਲਟੇ ਸਿਆੜ ਤੇ ਇੱਕ ਖੁੱਲ੍ਹਾ ਸਿਆੜ ਮਾਰਨਾ ਪੈਂਦਾ ਹੈ ।

ਟਰੈਕਟਰ ਨਾਲ ਚੱਲਣ ਵਾਲੇ ਸੀਡ-ਡਰਿੱਲ ਨਾਲ ਬੀਜਾਈ ਕਰਨੀ ਹੋਵੇ ਤਾਂ ਉਚਿਤ ਚੌੜਾਈ ਦੀ ਰਾਸ (ਕੋਨਿਆਂ ਦੀ ਜ਼ਮੀਨ) ਛੱਡ ਲਉ ਤਾਂ ਜੋ ਟਰੈਕਟਰ ਸੌਖ ਨਾਲ ਮੋੜਿਆ ਜਾ ਸਕੇ ਅਤੇ ਨਿਸ਼ਾਨ ਲੱਗੀ ਰਾਸ ਜ਼ਮੀਨ ਦੋ ਤਿੰਨ ਵਾਰੀ ਟਰੈਕਟਰ ਏਧਰ ਓਧਰ ਚਲਾਉਣ ਨਾਲ ਬੀਜੀ ਜਾ ਸਕੇ । ਪਹਿਲਾਂ ਅੰਦਰਲੇ ਪਾਸਿਆਂ ਦੀ ਬੀਜਾਈ ਕਰੋ ਅਤੇ ਫਿਰ ਕੋਨਿਆਂ ਤੇ ਵੱਡੀ ਰਾਸ ਜ਼ਮੀਨ ਦੀ । ਬੀਜਾਈ ਵੱਧ ਤੋਂ ਵੱਧ ਯੋਗਤਾ ਨਾਲ ਕਰਨ ਲਈ ਟਰੈਕਟਰ ਦੇ ਸ਼ੁਰੂ ਕਰਨ, ਮੋੜਨ ਤੇ ਖ਼ਤਮ ਕਰਨ ਦਾ ਕੰਮ ਚਿੱਤਰ ਨੰਬਰ 38 ਵਿੱਚ ਤੀਰਾਂ ਨਾਲ ਦਰਸਾਏ ਗਏ ਢੰਗ ਅਨੁਸਾਰ ਕਰਨਾ ਚਾਹੀਦਾ ਹੈ ।


ਟਰੈਕਟਰ ਨਾਲ ਚੱਲਣ ਵਾਲੇ ਰੀਪਰ (ਕਟਾਈ ਮਸ਼ੀਨ) ਨਾਲ ਫ਼ਸਲ ਦੀ ਵਢਾਈ ਕਰਨ ਲਈ (ਚਿੱਤਰ ਨੰ. 39) ਪਹਿਲੀ ਭਰੀ ਜਾਂ ਧੱਬਾ ਤਾਂ ਹੱਥ ਨਾਲ ਹੀ ਕੱਟ ਲਵੋ ਅਤੇ ਦਾਣਿਆਂ ਦੇ ਨੁਕਸਾਨ ਤੋਂ ਬਚਣ ਅਤੇ ਮੋੜ ਅਸਾਨੀ ਨਾਲ ਮੋੜਨ ਵਾਸਤੇ ਕੋਨਿਆਂ ਨੂੰ ਗੋਲ ਕਰ ਲਓ ।



ਚਿੱਤਰ 37 : ਟਰੈਕਟਰ-ਹਲ ਨਾਲ ਖੇਤ ਦੀ ਵਾਹੀ ਦਾ ਨਮੂਨਾ



ਚਿੱਤਰ 38 : ਟਰੈਕਟਰ-ਸੀਡ ਡਰਿਲ ਨਾਲ ਬੀਜਾਈ ਦਾ ਇੱਕ ਨਮੂਨਾ



ਚਿੱਤਰ 39 : ਟਰੈਕਟਰ ਨਾਲ ਚੱਲਣ ਵਾਲੇ ਰੀਪਰ ਦੁਆਰਾ
ਖੇਤ ਦੀ ਕਟਾਈ ਦਾ ਨਮੂਨਾ

ਟਰੈਕਟਰ ਨਾਲ ਸੁਰੱਖਿਅਤ ਤੇ ਸੁਚੱਜੇ ਢੰਗ ਨਾਲ ਕੰਮ ਕਰਨਾ

ਕੋਈ ਵੀ ਕੰਮ ਕਰਨ ਵੇਲੇ ਟਰੈਕਟਰ ਨੂੰ ਸੁਰੱਖਿਅਤ ਅਤੇ ਸੁਯੋਗਤਾ ਨਾਲ ਚਲਾਉਣ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ :

1. ਟਾਇਰਾਂ ਵਿੱਚ ਹਵਾ ਦਾ ਦਬਾਅ ਠੀਕ ਹੋਣਾ ਚਾਹੀਦਾ ਹੈ । ਇਸ ਮਨੋਰਥ ਲਈ 'ਚਾਲਕ-ਨਿਯਮ ਪੁਸਤਕ' ਦੀ ਮਦਦ ਲਓ ।
2. ਜੇ ਟਾਇਰ ਬਹੁਤ ਜ਼ਿਆਦਾ ਸਲਿੱਪ ਕਰਦੇ ਹੋਣ, ਜਿਵੇਂ ਕਿ ਅਕਸਰ ਹਲਕੀਆਂ ਜ਼ਮੀਨਾਂ 'ਚ ਹੁੰਦਾ ਹੈ ਤਾਂ ਪਿਛਲੇ ਟਾਇਰਾਂ 'ਚ ਹਵਾ ਕਾਫ਼ੀ ਘੱਟ ਕਰ ਲਉ । ਕਈ ਵਾਰੀ ਟਾਇਰਾਂ ਵਿੱਚ ਹਵਾ ਘੱਟ ਕਰਨ ਨਾਲ ਪਾਣੀ ਦੀਆਂ ਆਡਾਂ ਟੱਪਣ ਵੇਲੇ ਸਟੀਅਰਿੰਗ ਦੇ ਸੌਖਿਆਂ ਚੱਲਣ ਵਿੱਚ ਮਦਦ ਮਿਲਦੀ ਹੈ, ਜਿਵੇਂ ਕਿ ਟਰੈਕਟਰ ਨਾਲ ਚੱਲਣ ਵਾਲੇ ਰੀਪਰ (ਕਟਾਈ ਮਸ਼ੀਨ) ਦੀ ਹਾਲਤ ਵਿੱਚ ਹੁੰਦਾ ਹੈ ।
3. ਟਰੈਕਟਰ ਨਾਲ ਬਹੁਤ ਤਿੱਖੇ ਮੋੜ ਨਾ ਕੱਟੋ । ਜੇਕਰ ਅਜਿਹਾ ਕਰਨਾ ਜ਼ਰੂਰੀ ਹੀ ਹੋਵੇ ਤਾਂ ਜਿਸ ਪਾਸੇ ਨੂੰ ਮੋੜ ਕੱਟਣਾ ਹੋਵੇ ਉਸ ਪਾਸੇ ਦੀ ਪਹੀਆ-ਬਰੇਕ ਲਾਉਣੀ ਚਾਹੀਦੀ ਹੈ ।
4. ਕਿਸੇ ਵੀ ਕੰਮ ਲਈ ਸਿਫ਼ਾਰਸ਼-ਸ਼ੁਦਾ ਰਫ਼ਤਾਰ ਰੱਖਣ ਲਈ ਠੀਕ ਗੀਅਰ ਦੀ ਚੋਣ ਕਰੋ । ਗਲਤ ਗੀਅਰ ਵਰਤਣ ਨਾਲ ਕੰਮ ਘੱਟ ਹੋਵੇਗਾ ਜਾਂ ਫਿਰ ਟਰੈਕਟਰ ਦਾ ਸੰਤੁਲਨ ਠੀਕ ਨਾ ਰਹਿਣ ਕਾਰਨ ਹਾਦਸੇ ਹੋਣ ਦਾ ਡਰ ਜ਼ਿਆਦਾ ਰਹੇਗਾ । ਸਾਰਨੀ ਨੰਬਰ 2 ਵਿੱਚ ਆਮ ਵਰਤੇ ਜਾਣ ਵਾਲੇ ਟਰੈਕਟਰਾਂ ਲਈ ਫ਼ਾਰਮ ਦੇ ਵੱਖ-ਵੱਖ ਕੰਮਾਂ-ਕਾਰਾਂ ਵਾਸਤੇ ਸਿਫ਼ਾਰਸ਼-ਸ਼ੁਦਾ ਗੀਅਰਾਂ ਤੇ ਰਫ਼ਤਾਰ ਦਾ ਵੇਰਵਾ ਦਿੱਤਾ ਗਿਆ ਹੈ ।
5. ਮਾਊਂਟਿਡ (ਉੱਪਰ-ਚੜ੍ਹੇ) ਜਾਂ ਸੈਮੀ-ਮਾਊਂਟਿਡ (ਅਰਧ-ਚੜ੍ਹੇ) ਸਾਜ਼-ਸਾਮਾਨ ਤੇ ਮਸ਼ੀਨਰੀ ਨੂੰ ਮੋੜਾਂ ਤੇ ਹਮੇਸ਼ਾਂ ਉੱਤੇ ਚੁੱਕ ਲੈਣਾ ਚਾਹੀਦਾ ਹੈ ਨਹੀਂ ਤਾਂ ਹੇਠਲੇ ਜੋੜਾਂ ਦੇ ਮੁੜਨ ਜਾਂ ਖਰਾਬ ਹੋ ਜਾਣ ਦਾ ਡਰ ਰਹਿੰਦਾ ਹੈ ।
6. ਟਰੈਕਟਰ ਦੇ ਪਹੀਆਂ 'ਚ ਪਾਣੀ ਭਰ ਲੈਣਾ ਚਾਹੀਦਾ ਹੈ ਜਾਂ ਭਾਰ ਰੱਖ ਲੈਣਾ ਚਾਹੀਦਾ ਹੈ ਤਾਂ ਜੋ ਖੇਤ ਦੇ ਕੰਮਾਂ ਲਈ ਉਚਿੱਤ ਸੇਧ ਬਣੀ ਰਹੇ ।
7. ਜੇ ਮਸ਼ੀਨ ਪੀ.ਟੀ.ਓ. ਕਿਸਮ ਦੀ ਹੋਵੇ ਤਾਂ ਪੀ.ਟੀ.ਓ. ਤੇ ਉਚਿੱਤ ਸ਼ੀਲਡ ਜਾਂ ਢਾਲ ਵਰਤੋ ।
8. ਜਦੋਂ ਟਰੈਕਟਰ ਵਰਤੋਂ ਵਿੱਚ ਹੋਵੇ ਤਾਂ ਕਿਸੇ ਨੂੰ ਵੀ ਮੱਡਗਾਰਡ ਜਾਂ ਟਰੈਕਟਰ ਨਾਲ ਜੁੜੇ ਸੰਦ-ਔਜਾਰ ਉਤੇ ਨਾ ਬੈਠਣ ਦਿਓ । ਹਾਦਸਿਆਂ ਤੋਂ ਬਚਣ ਲਈ ਇਹ ਜ਼ਰੂਰੀ ਹੈ ।
9. ਇੰਜਣ ਨੂੰ ਠੀਕ ਰਫ਼ਤਾਰ ਤੇ ਚਲਾਉਣ ਲਈ ਟਰੈਕਟਰ ਦੇ ਥਰੋਟਲ-ਲੀਵਰ ਨੂੰ ਲਗਪਗ ਤਿੰਨ ਚੌਥਾਈ ਖੁੱਲ੍ਹਾ ਰੱਖੋ । ਰਫ਼ਤਾਰ ਨੂੰ ਘੱਟ ਕਰਨ ਲਈ ਕਦੇ ਵੀ ਘੱਟ

ਕੀਤੇ ਥਰੌਟਲ ਨਾਲ ਅਗਲਾ ਜਾਂ ਉਚੇਚਾ ਗੀਅਰ ਵਰਤਣ ਦੀ ਕੋਸ਼ਿਸ਼ ਨਾ ਕਰੋ। ਇਸ ਤਰ੍ਹਾਂ ਟਰੈਕਟਰ ਵਿੱਚ ਸਾਜ਼-ਸਾਮਾਨ ਨੂੰ ਖਿੱਚਣ ਲਈ ਲੋੜੀਂਦੀ ਸ਼ਕਤੀ ਕਾਫ਼ੀ ਮਾਤਰਾ ਵਿੱਚ ਨਹੀਂ ਰਹਿੰਦੀ ।

10. ਕਿਸੇ ਵੀ ਕੰਮ ਲਈ ਖੇਤ ਦਾ ਆਕਾਰ ਸੰਭਵ ਤੌਰਂ 'ਤੇ ਵੱਡੇ ਤੋਂ ਵੱਡਾ ਰੱਖਣਾ ਚਾਹੀਦਾ ਹੈ । ਨਹੀਂ ਤਾਂ ਮੋੜਾਂ ਆਦਿ ਨੂੰ ਕੱਟਣ ਵਿੱਚ ਵਕਤ ਜ਼ਾਇਆ ਕਰਨ ਤੋਂ ਬਚਣ ਲਈ ਖੇਤ ਨੂੰ ਕਾਫ਼ੀ ਚੌੜਾਈ ਦੇ ਛੋਟੇ-ਛੋਟੇ ਖੱਤਿਆਂ ਵਿੱਚ ਵੰਡ ਲੈਣਾ ਚਾਹੀਦਾ ਹੈ ।

11. ਕੱਦੂ ਆਦਿ ਵਰਗੇ ਕੰਮਾਂ ਲਈ ਜਾਲੀਦਾਰ ਪਹੀਏ ਵਰਤਣੇ ਚਾਹੀਦੇ ਹਨ ।

12. ਕਿਸੇ ਕੰਮ ਲਈ ਲੀਹ-ਚੌੜਾਈ ਨੂੰ ਘੱਟ-ਵੱਧ ਕਰਨ ਦਾ ਪ੍ਰਬੰਧ ਹੁੰਦਾ ਹੈ । ਇਸ ਸਿਲਸਿਲੇ 'ਚ 'ਚਾਲਕ-ਨਿਯਮ ਪੁਸਤਕ' ਤੋਂ ਲੋੜੀਂਦੀ ਸਹਾਇਤਾ ਲੈਣੀ ਚਾਹੀਦੀ ਹੈ ।

ਸਾਰਨੀ ਨੰਬਰ 2

ਆਮ ਵਰਤੇ ਜਾਣ ਵਾਲੇ ਟਰੈਕਟਰਾਂ ਲਈ ਖੇਤੀਬਾੜੀ ਦੇ ਵੱਖ ਵੱਖ ਅਮਲਾਂ ਲਈ ਸਿਫ਼ਾਰਸ਼-ਸ਼ੁਦਾ ਗੀਅਰ ਤੇ ਰਫ਼ਤਾਰ

ਟ੍ਰੈਕਟਰ ਦਾ ਨਾਂ ਅਤੇ ਮਾਡਲ	ਅਮਲ ਮਿੱਟੀ ਪਲਟਾਵੇ ਜਾਂ ਤਵਿਆਂ ਵਾਲੇ ਹਲ ਨਾਲ ਵਾਹੀ ਕਰਨਾ	ਟਿੱਲਰ ਜਤਾਈ ਜੰਤਰ ਨਾਲ ਜੁਤਾਈ ਕਰਨਾ	ਤਵਿਆਂ ਵਾਲੇ ਹੋਰ ਨਾਲ ਇਕਸਾਰ ਕਰਨਾ ਖੇਤ ਵਹਾਉਣਾ	ਸੁਹਾਗਣਾ	ਕਪਾਹ ਤੇ ਪੱਤੇਦਾਰ ਜੰਤਰ ਆਦਿ ਨਾਲ ਜ਼ਮੀਨ ਨੂੰ ਬਰਾਬਰ ਤੇ ਠੀਕ ਕਰਨਾ	ਬੀਜ-ਪੱਰਾ ਡਰਿੱਲਜ਼ ਅਤੇ ਬੀਜਾਈ ਜੰਤਰਾਂ (ਪਲਾਂਟਰੇਜ਼) ਨਾਲ ਬੀਜਾਈ ਕਰਨਾ	ਨਿਰਾਈ ਗੁਡਾਈ (ਕਲਟੀਵੇਟਰ ਨਾਲ ਨਿਰਾਈ ਅਤੇ ਗੁਡਾਈ ਕਰਨਾ	ਕਟਾਈ ਜੰਤਰ ਨਾਲ ਫ਼ਸਲਾਂ ਦੀ ਕਟਾਈ ਕਰਨਾ ਭਰੀਆਂ ਬੰਨਣ ਵਾਲਾ ਜੰਤਰ, ਖਦਾਈ ਜੰਤਰ, ਕੰਬਾਈਨ ਆਦਿ
	ਗੀਅਰ ਰਫ਼ਤਾਰ ਕਿ.ਮੀ. ਫ਼ੀ ਘੰਟਾ	ਗੀਅਰ ਰਫ਼ਤਾਰ ਕਿ.ਮੀ. ਫ਼ੀ ਘੰਟਾ	ਗੀਅਰ ਰਫ਼ਤਾਰ ਕਿ.ਮੀ. ਫ਼ੀ ਘੰਟਾ	ਗੀਅਰ ਰਫ਼ਤਾਰ ਕਿ.ਮੀ. ਫ਼ੀ ਘੰਟਾ	ਗੀਅਰ ਰਫ਼ਤਾਰ ਕਿ.ਮੀ. ਫ਼ੀ ਘੰਟਾ	ਗੀਅਰ ਰਫ਼ਤਾਰ ਕਿ.ਮੀ. ਫ਼ੀ ਘੰਟਾ	ਗੀਅਰ ਰਫ਼ਤਾਰ ਕਿ.ਮੀ. ਫ਼ੀ ਘੰਟਾ	ਗੀਅਰ ਰਫ਼ਤਾਰ ਕਿ.ਮੀ. ਫ਼ੀ ਘੰਟਾ
ਸਵਰਾਜ 724	ਪਹਿਲਾ 2.41	ਤੀਸਰਾ ਹਲਕਾ 6.89	ਦੂਸਰਾ ਹਲਕਾ 4.54	ਚੌਥਾ ਤੇਜ਼ 9.56	ਦੂਸਰਾ ਹਲਕਾ 4.54	ਤੀਸਰਾ ਹਲਕਾ 6.87	ਚੌਥਾ ਤੇਜ਼ 9.56	ਦੂਸਰਾ ਹਲਕਾ 4.54
ਸਵਰਾਜ 735	" 2.15	ਤੀਸਰਾ ਹਲਕਾ 6.15	ਦੂਸਰਾ ਹਲਕਾ 4.05	ਚੌਥਾ ਤੇਜ਼ 8.54	ਦੂਸਰਾ ਹਲਕਾ 4.5	ਤੀਸਰਾ ਹਲਕਾ 6.15	ਚੌਥਾ ਤੇਜ਼ 8.54	ਦੂਸਰਾ ਹਲਕਾ 4.05
ਸਵਰਾਜ 855	" 2.48	ਤੀਸਰਾ ਹਲਕਾ 7.12	ਦੂਸਰਾ ਹਲਕਾ 4.70	ਚੌਥਾ ਤੇਜ਼ 9.85	ਤੀਸਰਾ ਹਲਕਾ 7.12	ਤੀਸਰਾ ਹਲਕਾ 7.12	ਚੌਥਾ ਤੇਜ਼ 9.85	ਦੂਸਰਾ ਹਲਕਾ 4.70
ਐਚ.ਐਮ.ਟੀ. 2511	" 1.2	ਪੰਜਵਾਂ ਹਲਕਾ 6.1	ਚੌਥਾ ਹਲਕਾ 9.7	ਤੀਸਰਾ ਤੇਜ਼ 9.6	ਚੌਥਾ ਹਲਕਾ 3.7	ਪੰਜਵਾਂ ਹਲਕਾ 6.1	ਦੂਸਰਾ ਤੇਜ਼ 7.0	ਚੌਥਾ ਹਲਕਾ 3.10
ਐਚ ਐਮ ਟੀ 3511	" 1.17	ਪੰਜਵਾਂ ਹਲਕਾ 6.6	ਚੌਥਾ ਹਲਕਾ 3.74	ਪੰਜਵਾਂ ਹਲਕਾ 6.6	ਚੌਥਾ ਹਲਕਾ 3.74	ਪੰਜਵਾਂ ਹਲਕਾ 6.6	ਪੰਜਵਾਂ ਹਲਕਾ 5.6	ਤੀਸਰਾ ਹਲਕਾ 3.14

1	2	3	4	5	6	7	8	9
ਐਚ.ਐਮ.ਟੀ. 5911	ਪਹਿਲਾ 2.23	ਪੰਜਵਾਂ ਹਲਕਾ 9.70	ਚੌਥਾ ਹਲਕਾ 5.80	ਪੰਜਵਾਂ ਹਲਕਾ 9.70	ਚੌਥਾ ਹਲਕਾ 5.80	ਪੰਜਵਾਂ ਹਲਕਾ 9.10	ਪੰਜਵਾਂ ਹਲਕਾ 9.70	ਤੀਸਰਾ ਹਲਕਾ 4.68
ਫੋਰਡ 3600	“ 2.69	ਚੌਥਾ ਹਲਕਾ 7.99	ਚੌਥਾ ਹਲਕਾ 7.99	ਪੰਜਵਾਂ ਹਲਕਾ 9.57	ਦੂਸਰਾ ਹਲਕਾ 3.34	ਚੌਥਾ ਹਲਕਾ 9.99	ਚੌਥਾ ਹਲਕਾ 7.99	ਦੂਸਰਾ ਹਲਕਾ 3.34
ਫੋਰਡ 3610	“ 2.69	ਚੌਥਾ ਹਲਕਾ 7.99	ਚੌਥਾ ਹਲਕਾ 7.99	ਪੰਜਵਾਂ ਹਲਕਾ 9.57	ਦੂਸਰਾ ਹਲਕਾ 3.34	ਚੌਥਾ ਹਲਕਾ 9.99	ਚੌਥਾ ਹਲਕਾ 7.99	ਦੂਸਰਾ ਹਲਕਾ 3.34
ਮੈਸੀਫਰੋਗੋਸਨ 1035	“ 2.23	ਪਹਿਲਾ ਤੇਜ 8.85	ਤੀਸਰਾ ਹਲਕਾ 6.12	ਦੂਸਰਾ ਤੇਜ 13.26	ਦੂਸਰਾ ਹਲਕਾ 3.3	ਪਹਿਲਾ ਤੇਜ 8.25	ਤੀਸਰਾ ਹਲਕਾ 6.12	ਦੂਸਰਾ ਹਲਕਾ 3.33
ਮੈਸੀਫਰੋਗੋਸਨ 245	“ 2.68	ਪਹਿਲਾ ਹਲਕਾ 10.72	ਚੌਥਾ ਹਲਕਾ 7.21	ਦੂਸਰਾ ਤੇਜ 15.73	ਦੂਸਰਾ ਹਲਕਾ 3.93	ਚੌਥਾ ਤੇਜ 10.72	ਚੌਥਾ ਹਲਕਾ 7.21	ਦੂਸਰਾ ਹਲਕਾ 3.93
ਮਹਿੰਦਰਾ 275 ਡੀ ਆਈ	“ 2.4	ਚੌਥਾ ਤੇਜ 6.5	ਤੀਸਰਾ ਹਲਕਾ 5.4	ਦੂਸਰਾ ਤੇਜ 10.2	ਦੂਸਰਾ ਹਲਕਾ 3.7	ਚੌਥਾ ਤੇਜ 6.5	ਚੌਥਾ ਹਲਕਾ 5.4	ਦੂਸਰਾ ਹਲਕਾ 3.7
ਟੈਫੇ 25	“ 2.13	ਪਹਿਲਾ ਤੇਜ 8.52	ਤੀਸਰਾ ਹਲਕਾ 5.84	ਦੂਜਾ ਤੇਜ਼ 12.73	ਤੀਸਰਾ ਹਲਕਾ 5.84	ਤੀਸਰਾ ਹਲਕਾ 5.84	ਤੀਸਰਾ ਹਲਕਾ 5.84	ਦੂਸਰਾ ਹਲਕਾ 3.18
ਆਈਸ਼ਰ 241	“ 1.94	ਦੂਜਾ ਹਲਕਾ 3.59	ਦੂਜਾ ਹਲਕਾ 3.59	ਤੀਸਰਾ ਹਲਕਾ 6.55	ਦੂਸਰਾ ਹਲਕਾ 8.59	ਤੀਸਰਾ ਹਲਕਾ 6.55	ਤੀਸਰਾ ਹਲਕਾ 6.55	ਦੂਸਰਾ ਤੇਜ 3.1

ਖੜ੍ਹੇ ਟਰੈਕਟਰ ਦੀ ਸੁਰੱਖਿਅਤ ਤੇ ਸੁਯੋਗ ਵਰਤੋਂ

ਕਣਕ ਆਦਿ ਦੀ ਗਹਾਈ, ਮੱਕੀ ਦੀਆਂ ਛੱਲੀਆਂ ਉਘੇੜਨ ਤੇ ਪੰਪ ਆਦਿ ਚਲਾਉਣ ਲਈ ਟਰੈਕਟਰ ਨੂੰ ਇੱਕੋ ਥਾਂ ਖੜ੍ਹਾ ਰੱਖਿਆ ਜਾਂਦਾ ਹੈ। ਅਜਿਹੇ ਕੰਮਾਂ ਲਈ ਟਰੈਕਟਰ ਦੀ ਵਰਤੋਂ ਕਰਨ ਵੇਲੇ ਹੇਠ-ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ :

1. ਟਰੈਕਟਰ ਦੇ ਪਾਵਰ ਟੇਕ ਔਫ ਸ਼ਾਫ਼ਟ ਤੋਂ ਮਿਲਣ ਵਾਲੀ ਫਿਰਤੂ ਸ਼ਕਤੀ ਪਟਾ-ਗਰਾਰੀ ਗੀਅਰ ਬੌਕਸ ਜਾਂ ਦੂਰਬੀਨੀ ਚਾਲਣ-ਸ਼ਾਫ਼ਟ ਰਾਹੀਂ ਵਰਤੀ ਜਾਂਦੀ ਹੈ। ਟਰੈਕਟਰ ਨੂੰ ਮਸ਼ੀਨ ਦੇ ਨਾਲ ਇੱਕ ਸੇਧ ਵਿੱਚ ਕਰਨਾ ਅਤਿਅੰਤ ਜਰੂਰੀ ਹੈ ਤਾਂ ਜੋ ਬੈਲਟ ਬਾਰ-ਬਾਰ ਨਾ ਲੱਥੇ। ਇਸ ਗੱਲ ਦਾ ਧਿਆਨ ਰੱਖਣਾ ਵੀ ਜ਼ਰੂਰੀ ਹੈ ਕਿ ਬੈਲਟ ਟਰੈਕਟਰ ਜਾਂ ਮਸ਼ੀਨ ਦੇ ਕਿਸੇ ਵੀ ਹਿੱਸੇ ਨਾਲ ਨਾ ਛੋਹੇ, ਨਹੀਂ ਤਾਂ ਉਹ ਖ਼ਰਾਬ ਹੋ ਜਾਵੇਗੀ। ਜੇ ਦੂਰਬੀਨੀ ਚਾਲਣ-ਸ਼ਾਫ਼ਟ ਵਰਤਣੀ ਹੋਵੇ ਤਾਂ ਹਾਦਸਿਆਂ ਤੋਂ ਬਚਣ ਲਈ ਉਸ ਨੂੰ ਉਚਿਤ ਢੱਕਣ ਨਾਲ ਢੱਕ ਦੇਣਾ ਚਾਹੀਦਾ ਹੈ।

2. ਮਨ-ਮਰਜ਼ੀ ਦੀ ਰਫ਼ਤਾਰ ਪੈਦਾ ਕਰਨ ਲਈ ਮਸ਼ੀਨ ਤੇ ਠੀਕ ਸਾਈਜ਼ ਦੀਆਂ ਪੁਲੀਆਂ (ਗਰਾਰੀਆਂ) ਵਰਤਣੀਆਂ ਚਾਹੀਦੀਆਂ ਹਨ। ਇੰਜਨ ਦੀ ਰਫ਼ਤਾਰ ਦੇ ਅਨੁਰੂਪ ਪਾਵਰ ਟੇਕ ਔਫ਼ ਰਫ਼ਤਾਰ 540 ਤੋਂ 550 ਚੱਕਰ ਪ੍ਰਤੀ ਮਿੰਟ ਸਾਰੇ ਟਰੈਕਟਰਾਂ ਲਈ ਕਾਫ਼ੀ ਮਿਆਰੀ ਮੰਨੀ ਗਈ ਹੈ। ਇੰਜਨ ਦੀ ਠੀਕ ਰਫ਼ਤਾਰ ਥਰੌਟਲ ਨੂੰ ਲਗਪਗ ਤਿੰਨ-ਚੌਥਾਈ ਖੁੱਲ੍ਹਾ ਰੱਖ ਕੇ ਹਾਸਿਲ ਕੀਤੀ ਜਾਂਦੀ ਹੈ।

3. ਸੇਧ ਠੀਕ ਰੱਖਣ ਲਈ ਮਸ਼ੀਨ ਨੂੰ ਲੱਤਾਂ ਜਕੜ ਕੇ ਜਾਂ ਕਿਸੇ ਬੁਨਿਆਦ ਤੇ ਟਿਕਾ ਕੇ ਚੰਗੀ ਤਰ੍ਹਾਂ ਜਮਾ ਲੈਣਾ ਚਾਹੀਦਾ ਹੈ।

4. ਸਾਰਨੀ ਨੰਬਰ 3 ਵਿੱਚ ਦਿੱਤੀ ਗਈ ਜਾਣਕਾਰੀ ਮੁਤਾਬਕ, ਚਾਲਕ ਅਤੇ ਚਾਲਿਤ ਸ਼ਾਫ਼ਟਾਂ ਦੇ ਵਿਚਾਲੇ ਉਚਿਤ ਫ਼ਾਸਲਾ ਰੱਖਣਾ ਚਾਹੀਦਾ ਹੈ।

5. ਹਾਦਸਿਆਂ ਆਦਿ ਤੋਂ ਬਚਣ ਲਈ ਸਾਰੇ ਹਿੱਲਣ-ਜੁੱਲਣ ਤੇ ਚੱਲਣ ਵਾਲੇ ਹਿੱਸਿਆਂ ਉੱਤੇ ਓਟਾਂ, ਢੱਕਣ ਅਤੇ ਸਲਾਮਤੀ ਸੰਕੇਤ ਅਤੇ ਹਦਾਇਤਾਂ ਆਦਿ ਵਰਤਣੀਆਂ ਚਾਹੀਦੀਆਂ ਹਨ।

6. ਅਚੱਲ ਕੰਮ-ਕਾਰ ਕਰਨ ਵੇਲੇ ਬੈਲਟ-ਪੁਲੀ (ਪਟਾ-ਭੌਣੀ) ਗੀਅਰ ਬਕਸ ਦੀ ਉਚਿਤ ਸਾਂਭ-ਸੰਭਾਲ ਕਰਨੀ ਜ਼ਰੂਰੀ ਹੈ।

7. ਜਦੋਂ ਪਟਾ-ਭੌਣੀ ਚਲ ਰਹੀ ਹੋਵੇ ਤਾਂ ਟਰੈਕਟਰ ਦੇ ਪਹੀਆਂ ਨੂੰ ਚੱਲਣ ਤੋਂ ਰੋਕਣ ਲਈ ਲੱਕੜੀ ਦਾ ਕੋਈ ਭਾਰਾ ਜਿਹਾ ਫੱਟਾ ਜਾਂ ਮੋਛਾ ਆਦਿ ਰੁਕਾਵਟ ਲਈ ਵਰਤਿਆ ਜਾ ਸਕਦਾ ਹੈ। ਅਜਿਹਾ ਕਰਨ ਨਾਲ ਟਰੈਕਟਰ ਨੂੰ ਸੇਧ ਵਿੱਚ ਰੱਖਣਾ ਜ਼ਰੂਰੀ ਹੈ ਤਾਂ ਕਿ ਚੱਲਣ ਵੇਲੇ ਪਟਾ ਥੱਲੇ ਨਾ ਲੱਥੇ।

ਸਾਰਣੀ ਨੰਬਰ 3

ਪੁਲੀ ਤੋਂ ਕੰਮ ਲੈਣ ਲਈ ਦੋ ਸ਼ਾਫ਼ਟਾਂ ਵਿਚਾਲੇ
ਧੁਰੇ ਤੋਂ ਧੁਰੇ ਦਾ ਸਿਫ਼ਾਰਸ਼-ਸ਼ੁਦਾ ਫ਼ਾਸਲਾ

ਪਟੇ ਦੀ ਚੌੜਾਈ (ਮਿਲੀਮੀਟਰ)	ਸ਼ਾਫ਼ਟਾਂ ਵਿਚਾਲੇ ਧੁਰੇ ਤੋਂ ਧੁਰੇ ਦਾ ਫ਼ਾਸਲਾ (ਮੀਟਰ)	
	ਘੱਟੋ-ਘੱਟ	ਵੱਧ ਤੋਂ ਵੱਧ
75	1.6	4.7
100	2.0	6.0
150	2.1	6.5

ਟਰੈਕਟਰ ਦਾ ਬਚਾਅ

ਸਾਲ-ਬ-ਸਾਲ ਜਿਉਂ ਜਿਉਂ ਟਰੈਕਟਰਾਂ ਦੀ ਵਰਤੋਂ ਤੇ ਗਿਣਤੀ ਵਧਦੀ ਜਾ ਰਹੀ ਹੈ, ਤਿਉਂ-ਤਿਉਂ ਟਰੈਕਟਰਾਂ ਦੇ ਹਾਦਸੇ ਵੀ ਵਧ ਰਹੇ ਹਨ। ਅਜਿਹਾ ਕਿਉਂ ਹੈ ? ਕੀ ਅਸੀਂ ਇਨ੍ਹਾਂ ਹਾਦਸਿਆਂ ਤੋਂ ਬਚ ਨਹੀਂ ਸਕਦੇ ? ਇਨ੍ਹਾਂ ਵਿਚੋਂ ਕੁਝ ਸਵਾਲਾਂ ਉੱਤੇ ਵਿਚਾਰ ਕੀਤੀ ਗਈ ਹੈ :

ਟਰੈਕਟਰਾਂ ਦੇ ਆਮ ਹਾਦਸੇ

ਟਰੈਕਟਰ ਦੇ ਆਮ ਤੌਰ ਤੇ ਹੋਣ ਵਾਲੇ ਹਾਦਸੇ ਹੇਠ ਲਿਖੇ ਹਨ :

1. ਟਰੈਕਟਰ ਦਾ ਉਲਟ ਜਾਣਾ ਅਤੇ ਟਰੈਕਟਰ ਚਲਾਉਣ ਵਾਲੇ ਅਤੇ ਉਸ ਉੱਪਰ ਬੈਠੇ ਕੁਝ ਹੋਰ ਬੰਦਿਆਂ ਦੀ ਮੌਤ ਹੋ ਜਾਣਾ ਜਾਂ ਜ਼ਖ਼ਮੀ ਹੋ ਜਾਣਾ, ਇਸ ਨਾਲ ਹੀ ਟਰੈਕਟਰ ਨੂੰ ਵੀ ਨੁਕਸਾਨ ਪੁੱਜਣਾ।
2. ਟਰੈਕਟਰ-ਚਾਲਕ ਅਤੇ ਉਸ ਉੱਪਰ ਬੈਠੇ ਹੋਰ ਬੰਦਿਆਂ ਦਾ ਟਰੈਕਟਰ ਤੋਂ ਥੱਲੇ ਡਿੱਗ ਪੈਣਾ।
3. ਟਰੈਕਟਰ ਦੇ ਕੁਝ ਹਿੱਸਿਆਂ ਜਾਂ ਕੰਟਰੋਲ ਕਰਨ ਵਾਲੇ ਕਲ-ਪੁਰਜ਼ਿਆਂ ਦੇ ਫ਼ੇਲ ਹੋ ਜਾਣ ਕਾਰਨ ਹੋਣ ਵਾਲੇ ਹਾਦਸੇ।
4. ਢਿੱਲੇ ਕੱਪੜੇ ਪਾਏ ਹੋਣ ਕਰਕੇ, ਉਨ੍ਹਾਂ ਦਾ ਟਰੈਕਟਰ ਦੇ ਘੁੰਮਣ ਵਾਲੇ ਕਿਸੇ ਨਾ ਕਿਸੇ ਹਿੱਸੇ 'ਚ ਫ਼ਸ ਜਾਣਾ ਅਤੇ ਇਸ ਕਾਰਨ ਬੰਦੇ ਦੇ ਹੱਥ-ਪੈਰ ਜਾਂ ਸਰੀਰ ਦੇ ਕਿਸੇ ਨਾ ਕਿਸੇ ਅੰਗ ਦਾ ਕੱਟੇ ਜਾਣਾ।
5. ਟਰੈਕਟਰ ਦਾ ਕਿਸੇ ਦਰਖ਼ਤ, ਬਿਲਡਿੰਗ ਜਾਂ ਕਿਸੇ ਹੋਰ ਰੋਕ ਰੁਕਾਵਟ ਨਾਲ ਟਕਰਾ ਜਾਣਾ।
6. ਟਰੈਕਟਰ ਦਾ ਕਿਸੇ ਖੱਡ-ਖਾਈ ਆਦਿ 'ਚ ਡਿੱਗ ਜਾਣਾ।

7. ਟਰੈਕਟਰ ਦਾ ਜੀਪਾਂ, ਕਾਰਾਂ, ਟਰੱਕਾਂ, ਮੋਟਰ ਸਾਈਕਲ ਆਦਿ ਵਰਗੀਆਂ ਤੇਜ਼ ਚੱਲਣ ਵਾਲੀਆਂ ਸਵਾਰੀਆਂ ਨਾਲ ਟਕਰਾ ਜਾਣਾ ।
8. ਟਰੈਕਟਰ ਦਾ ਬੈਲ-ਗੱਡੀਆਂ, ਟਾਂਗਿਆਂ ਤੇ ਰਿਕਸ਼ਿਆਂ ਆਦਿ ਵਰਗੇ ਹੌਲੀ-ਹੌਲੀ ਚੱਲਣ ਵਾਲੇ ਸਵਾਰੀ-ਸਾਧਨਾਂ ਨਾਲ ਟਕਰਾ ਕੇ ਦੁਰਘਟਨਾ ਹੋ ਜਾਣਾ ।
9. ਟਰੈਕਟਰ ਦੇ ਕੰਟਰੋਲ ਤੋਂ ਬਾਹਰ ਹੋ ਜਾਣ ਕਾਰਨ ਹੋਣ ਵਾਲੇ ਹਾਦਸੇ ।
10. ਟਰੈਕਟਰ ਦਾ ਰੇਲ ਦੇ ਅਜਿਹੇ ਫਾਟਕਾਂ, ਲਾਂਘਿਆਂ 'ਤੇ ਹਾਦਸਾ ਹੋ ਜਾਣਾ ਜਿੱਥੇ ਲਾਂਘੇ ਦੀ ਦੇਖ-ਰੇਖ ਲਈ ਰੇਲਵੇ ਦਾ ਕੋਈ ਬੰਦਾ ਨਹੀਂ ਹੁੰਦਾ ।
11. ਟਰੈਕਟਰ ਨੂੰ ਰੋਕਣ ਵੇਲੇ ਹੋਣ ਵਾਲੇ ਹਾਦਸੇ ।
12. ਟਰੈਕਟਰ ਨੂੰ ਸਟਾਰਟ ਕਰਨ ਲੱਗਿਆਂ ਹੋਣ ਵਾਲੇ ਹਾਦਸੇ ।
13. ਫਿਊਲ ਆਦਿ ਕਾਰਨ ਹੋਣ ਵਾਲੇ ਹਾਦਸੇ ।
14. ਅੱਗ ਆਦਿ ਦੇ ਖਤਰੇ ।

ਟਰੈਕਟਰ ਹਾਦਸਿਆਂ ਦੇ ਆਮ ਕਾਰਨ

ਟਰੈਕਟਰ ਦੇ ਹਾਦਸੇ ਹੇਠ ਲਿਖੇ ਕਾਰਨਾਂ ਕਰਕੇ ਹੁੰਦੇ ਹਨ :

1. ਚਾਲਕ ਦਾ ਥੱਕੇ ਹੋਏ ਹੋਣਾ ।
2. ਅਣਗਹਿਲੀ ।
3. ਸ਼ਰਾਬ ਆਦਿ ਦੇ ਨਸ਼ੇ ਵਿੱਚ ਹੋਣਾ ।
4. ਅੰਨ੍ਹੇ-ਵਾਹ ਚਲਾਉਣਾ (ਸਿਫ਼ਾਰਸ਼ ਕੀਤੀ ਰਫ਼ਤਾਰ ਨਾਲੋਂ ਬਹੁਤ ਹੀ ਜ਼ਿਆਦਾ ਰਫ਼ਤਾਰ ਤੇ ਚਲਾਉਣਾ) ।
5. ਮਸ਼ੀਨਰੀ ਵਿੱਚ ਕੋਈ ਨੁਕਸ ਪੈ ਜਾਣਾ ।
6. ਘੁੰਮਣ ਵਾਲੇ ਹਿੱਸਿਆਂ ਤੇ ਓਟ ਜਾਂ ਢੱਕਣ ਨਾ ਵਰਤਣਾ ।
7. ਢਿੱਲੇ ਕੱਪੜੇ ਪਹਿਨਣਾ ।
8. ਚੱਲਦੇ ਟਰੈਕਟਰ ਤੇ ਕੰਮ ਕਰਨਾ ।
9. ਟਰੈਕਟਰ ਨੂੰ ਅਜਿਹੇ ਕੰਮਾਂ ਲਈ ਵਰਤਣਾ ਜਿਨ੍ਹਾਂ ਲਈ ਉਸਦਾ ਵਰਤਣਾ ਠੀਕ ਨਾ ਹੋਵੇ ।
10. ਠੀਕ ਤਰ੍ਹਾਂ ਜੁੜੇ ਹੋਏ ਨਾ ਹੋਣਾ ।
11. ਟ੍ਰੇਨਿੰਗ ਦੀ ਘਾਟ ਅਤੇ ਠੀਕ ਤਜ਼ਰਬਾ ਨਾ ਹੋਣਾ ।
12. ਕਾਹਲੀ ਕਰਨਾ ।
13. ਟ੍ਰੈਫਿਕ ਦੇ ਅਸੂਲਾਂ ਦੀ ਜਾਣਕਾਰੀ ਨਾ ਹੋਣਾ ਜਾਂ ਉਨ੍ਹਾਂ ਤੇ ਅਮਲ ਨਾ ਕਰਨਾ ।


ਸਾਰਨੀ ਨੰਬਰ 4
ਵੱਖ-ਵੱਖ ਟਰੈਕਟਰਾਂ ਲਈ ਸਿਫ਼ਾਰਸ਼-ਸ਼ੁਦਾ ਸਾਜ-ਸਮਾਨ ਦਾ ਠੀਕ ਸਾਈਜ਼

ਟਰੈਕਟਰ ਦਾ ਨਾਂ ਅਤੇ ਮਾਡਲ	ਮਿੱਟੀ-ਪਲਟਾਵਾਂ ਹੱਲ	ਤਵਿਆਂ ਵਾਲਾ ਹੱਲ	ਫਾਲੇਆਂ ਵਾਲਾ ਟਿਲਰ (ਜੁਤਾਈ-ਜੰਤਰ)	ਤਵਿਆਂ ਵਾਲਾ ਹੈਰੋ (ਪਟੇਲਾ) (ਸੈ.ਮੀ. ਤਵੀਆਂ)	ਸੁਹਾਗਾ (ਸੈ.ਮੀ.)	ਬੀਜ ਅਤੇ ਖਾਦ ਪਰੋਕ	ਪਲਾਂਟਰ ਬੀਜਾਈ-ਜੰਤਰ
ਸਵਰਾਜ 724	2-ਫਾਲੇ 30 ਸੈ.ਮੀ.	2-ਤਵੀਆਂ 60 ਸੈ.ਮੀ.	7-ਫਾਲੇ	5x5x55	240x45	7-ਪੋਰੇ	2-ਕਤਾਰਾਂ
" 735	2 ਫਾਲੇ 30 ਸੈ.ਮੀ.	2-ਤਵੀਆਂ 70 ਸੈ.ਮੀ.	9-ਫਾਲੇ	6x6x55	300x45	9-ਪੋਰੇ	3 ਕਤਾਰਾਂ
" 855	3 ਫਾਲੇ 30 ਸੈ.ਮੀ.	3-ਤਵੀਆਂ 70 ਸੈ.ਮੀ.	11-ਫਾਲੇ	8x8x60	360x45	11 ਪੋਰੇ	4 ਕਤਾਰਾਂ
ਐਚ.ਐਮ.ਟੀ. 2511	2-ਫਾਲੇ 20 ਸੈ.ਮੀ.	2-ਤਵੀਆਂ 60 ਸੈ.ਮੀ.	7-ਫਾਲੇ	5x5x55	240x45	7 ਪੋਰੇ	2 ਕਤਾਰਾਂ
" 3511	2-ਫਾਲੇ 30 ਸੈ.ਮੀ.	2-ਤਵੀਆਂ 70 ਸੈ.ਮੀ.	9-ਫਾਲੇ	6x6x55	300x45	9 ਪੋਰੇ	3 ਕਤਾਰਾਂ
" 5911	3-ਫਾਲੇ 30 ਸੈ.ਮੀ.	2-ਤਵੀਆਂ 70 ਸੈ.ਮੀ.	11-ਫਾਲੇ	8x8x60	360x45	11 ਪੋਰੇ	4 ਕਤਾਰਾਂ
ਫੋਰਡ 3611	2-ਫਾਲੇ 30 ਸੈ.ਮੀ.	2-ਤਵੀਆਂ 70 ਸੈ.ਮੀ.	9-ਫਾਲੇ	6x6x55	300x45	9 ਪੋਰੇ	3 ਕਤਾਰਾਂ
" 3610	3-ਫਾਲੇ 30 ਸੈ.ਮੀ.	3-ਤਵੀਆਂ 70 ਸੈ.ਮੀ.	11-ਫਾਲੇ	8x8x60	360x45	11 ਪੋਰੇ	4 ਕਤਾਰਾਂ

ਟਰੈਕਟਰ ਦਾ ਨਾਂ ਅਤੇ ਮਾਡਲ	ਮਿੱਟੀ-ਪਲਟਾਵਾਂ ਹੱਲ	ਤਵਿਆਂ ਵਾਲਾ ਹੱਲ	ਫਾਲਿਆਂ ਵਾਲਾ ਟਿਲਰ (ਜੁਤਾਈ-ਜੰਤਰ)	ਤਵਿਆਂ ਵਾਲਾ ਹੈਰੋ (ਪਟੇਲਾ) (ਸੈ.ਮੀ.ਤਵੀਆਂ)	ਸੁਹਾਗਾ (ਸੈ.ਮੀ.)	ਬੀਜ ਅਤੇ ਖਾਦ ਪਰੋਕ	ਪਲਾਂਟਰ ਬੀਜਾਈ-ਜੰਤਰ
ਮੈਸੀਫਰੋਗੂਸਨ 1035	2-ਫਾਲੇ 30 ਸੈ.ਮੀ.	2-ਤਵੀਆਂ 70 ਸੈ.ਮੀ.	9-ਫਾਲੇ	6x6x55	300x45	9 ਪੋਰੇ	3 ਕਤਾਰਾਂ
" 245	3-ਫਾਲੇ 30 ਸੈ.ਮੀ.	3-ਤਵੀਆਂ 70 ਸੈ.ਮੀ.	11-ਫਾਲੇ	8x8x60	360x45	11 ਪੋਰੇ	4 ਕਤਾਰਾਂ
ਮਹਿੰਦਰਾ 275 ਡੀ ਆਈ ਮਹਿੰਦਰਾ 445 ਡੀ ਆਈ	2-ਫਾਲੇ 30 ਸੈ.ਮੀ.	2-ਤਵੀਆਂ 70 ਸੈ.ਮੀ.	9-ਫਾਲੇ	6x6x55	300x45	9 ਪੋਰੇ	3 ਕਤਾਰਾਂ
" 444	2-ਫਾਲੇ 30 ਸੈ.ਮੀ.	2-ਤਵੀਆਂ 70 ਸੈ.ਮੀ.	9-ਫਾਲੇ	6x6x55	300x45	9 ਪੋਰੇ	3 ਕਤਾਰਾਂ
ਟੈਫੇ 25	2-ਫਾਲੇ 20 ਸੈ.ਮੀ.	2-ਤਵੀਆਂ 60 ਸੈ.ਮੀ.	7-ਫਾਲੇ	5x5x55	240x45	7 ਪੋਰੇ	2 ਕਤਾਰਾਂ
" 575 ਡੀ.ਆਈ.	3-ਫਾਲੇ 30 ਸੈ.ਮੀ.	3-ਤਵੀਆਂ 70 ਸੈ.ਮੀ.	11-ਫਾਲੇ	8x8x60	360x45	11 ਪੋਰੇ	4 ਕਤਾਰਾਂ
ਆਈਸ਼ਰ 241 ਗੁਡ ਅਰਥ	2-ਫਾਲੇ 20 ਸੈ.ਮੀ.	2-ਤਵੀਆਂ 60 ਸੈ.ਮੀ.	7-ਫਾਲੇ	5x5x55	240x45	7 ਪੋਰੇ	2 ਕਤਾਰਾਂ
ਆਈਸ਼ ਹੀਰਾ	2-ਫਾਲੇ 20 ਸੈ.ਮੀ.	2-ਤਵੀਆਂ 60 ਸੈ.ਮੀ.	7-ਫਾਲੇ	5x5x55	240x45	7 ਪੋਰੇ	2 ਕਤਾਰਾਂ

ਟਰੈਕਟਰ-ਹਾਦਸਿਆਂ ਤੋਂ ਬਚਣ ਲਈ ਕੁਝ ਸੁਝਾਅ


ਕਾਰਨ	ਉਪਾਅ
1. ਕਿਸੇ ਖਾਈ, ਖੱਡ, ਦਰਿਆ, ਛੱਪੜ ਜਾਂ ਖੇਤ ਦੀ ਖਾਲ ਦੇ ਕੋਲ-ਕੋਲ ਦੀ ਚਲਾਉਣਾ ।	ਖੱਡਾਂ, ਖਾਈਆਂ, ਦਰਿਆਵਾਂ, ਛੱਪੜਾਂ ਆਦਿ ਦੇ ਕਿਨਾਰਿਆਂ ਤੋਂ ਕਾਫ਼ੀ ਦੂਰੀ ਤੇ ਟਰੈਕਟਰ ਚਲਾਓ ।
2. ਉੱਚੀ-ਨੀਵੀਂ ਤੇ ਉਘੜ-ਦੁੱਘੜੀ ਜ਼ਮੀਨ ਤੇ ਬਹੁਤ ਤੇਜ਼ ਚਲਾਉਣਾ	ਸੜਕ ਤੇ ਜਾਂ ਖੇਤ ਵਿੱਚ ਚਲਾਉਣ ਲੱਗਿਆਂ ਉਚਿੱਤ ਗੀਅਰ ਦੀ ਵਰਤੋਂ ਕਰੋ ।
3. ਟਰੈਕਟਰ ਦੇ ਪਿੱਛੇ ਬਹੁਤ ਜ਼ਿਆਦਾ ਲੋਡ ਵਾਲੇ ਟ੍ਰੇਲਰ ਲੱਗੇ ਹੋਏ ਹੋਣਾ । ਜਿਹੜੇ ਕਿ ਲੋਡ ਦੇ ਇਧਰ-ਉਧਰ ਲੁੜ੍ਹਕਣ ਨਾਲ ਬੇਕਾਬੂ ਹੋ ਜਾਂਦੇ ਹਨ ।	ਟ੍ਰੇਲਰਾਂ ਤੇ ਬਹੁਤ ਜ਼ਿਆਦਾ ਲੋਡ ਨਾ ਲੱਦੋ ।
4. ਜੋੜਨ ਵਾਲੀ ਥਾਂ ਦਾ ਟਰੈਕਟਰ ਦੀ ਜੋੜ-ਛੜ ਤੋਂ ਬਹੁਤ ਉੱਚੀ ਹੋਣਾ ।	ਟਰੈਕਟਰ ਦੀ ਸਭ ਤੋਂ ਉੱਪਰਲੀ ਕੜੀ ਨਾਲ ਕਦੇ ਵੀ ਕੋਈ ਚੀਜ਼ ਨਾ ਜੋੜੋ । ਹਮੇਸ਼ਾਂ ਜੋੜ-ਛੜ ਨਾਲ ਹੀ ਜੋੜੋ, ਉਸ ਤੋਂ ਉੱਪਰ ਨਹੀਂ ।



ਚਿੱਤਰ 40 : ਟਰੈਕਟਰ ਨੂੰ ਲੋਡ ਦੀ ਸੇਧ ਵਿੱਚ ਰੱਖੋ ।

5. ਟਰੈਕਟਰ ਦਾ ਲੋਡ ਆਦਿ ਖਿੱਚਣ ਲਈ ਵਰਤੇ ਜਾਣ ਵਾਲੇ ਤਾਰ-ਰੱਸੇ ਦੀ ਸੇਧ ਇਧਰ-ਉਧਰ ਹੋ ਜਾਣਾ (ਚਿੱਤਰ ਨੰਬਰ 40)	ਟਰੈਕਟਰ ਨੂੰ ਬਿਲਕੁਲ ਸਿੱਧਾ ਅਤੇ ਲੋਡ ਦੀ ਸੇਧ 'ਚ ਠੀਕ ਰੱਖੋ ।

ਕਾਰਨ	ਉਪਾਅ
6. ਟਰੈਕਟਰ ਨੂੰ ਜ਼ਿਆਦਾ ਢਲਾਨ ਤੇ ਚਲਾਉਣਾ ਅਤੇ ਉਸ ਦਾ ਪਾਸਿਆਂ ਨੂੰ ਲੁੜਕ ਜਾਣਾ ਜਾਂ ਉਲਟ ਜਾਣਾ (ਚਿੱਤਰ 41) ।	ਬਹੁਤ ਜ਼ਿਆਦਾ ਢਲਾਨਾਂ ਤੇ ਚਲਾਉਣ ਦੀ ਕੋਸ਼ਿਸ਼ ਨਾ ਕਰੋ ।
7. ਬਹੁਤ ਤਿੱਖੇ ਮੋੜ ਕੱਟਣਾ	ਕੋਨਿਆਂ 'ਤੇ ਬਹੁਤ ਤਿੱਖੇ ਮੋੜ ਨਾ ਕੱਟੋ ।
8. ਜੋੜ-ਛੜ ਨਾਲ ਬਹੁਤ ਜ਼ਿਆਦਾ ਖਿੱਚਣਾ ।	ਬਹੁਤ ਜ਼ਿਆਦਾ ਲੋਡ ਹੋਣ ਕਾਰਨ ਅਗਲੇ ਲੋਡ ਟਾਇਰ ਉੱਪਰ ਚੁੱਕੇ ਜਾਂਦੇ ਹਨ । ਨਤੀਜਾ ਇਹ ਹੁੰਦਾ ਹੈ ਕਿ ਟਰੈਕਟਰ ਉਲਟ ਜਾਂਦਾ ਹੈ । ਇਸ ਲਈ ਜ਼ਿਆਦਾ ਲੋਡ ਨਾ ਲੱਦੋ।




ਚਿੱਤਰ 41 : ਟਰੈਕਟਰ ਨੂੰ ਜ਼ਿਆਦਾ ਢਲਾਨਾਂ ਤੇ ਨਾ ਚਲਾਉ ।

9. ਟਰੈਕਟਰ ਦੇ ਪਿੱਛੇ ਮਸ਼ੀਨਾਂ ਆਦਿ ਲੱਗੀਆਂ ਹੋਣ ਤੇ ਵੀ ਪੂਰੀ ਸਾਵਧਾਨੀ ਨਾਲ ਟਰੈਕਟਰ ਨਾ ਚਲਾਉਣਾ, ਖਾਸ ਤੌਰ ਤੇ ਪਾਣੀ ਦੀਆਂ ਆਡਾਂ, ਨਲੀਆਂ ਤੇ ਵੱਟਾਂ ਬੰਨੇ ਟੱਪਣ ਲੱਗਿਆਂ	ਥਰੋਟਲ ਨਾਲ ਜਾਂ ਗੀਅਰ ਬਦਲ ਕੇ ਰਫ਼ਤਾਰ ਘੱਟ ਕਰ ਲਉ ਅਤੇ ਲਿਫ਼ ਟ ਨੂੰ ਉਸ ਹੱਦ ਤੱਕ ਨੀਵੀਂ ਕਰ ਲਉ ਕਿ ਆਡਾਂ ਜਾਂ ਵੱਟਾਂ-ਬੰਨ੍ਹੇ ਸਹਿਜੇ ਹੀ ਪਾਰ ਕੀਤੇ ਜਾ ਸਕਣ ।

ਅ. ਟਰੈਕਟਰ ਤੋਂ ਡਿੱਗਣ ਨਾਲ ਹੋਣ ਵਾਲੇ ਹਾਦਸੇ

ਕਾਰਨ	ਉਪਾਅ
1. ਟਰੈਕਟਰ ਬੇਪ੍ਰਵਾਹੀ ਜਾਂ ਅਣਗਹਿਲੀ ਨਾਲ ਚਲਾਉਣਾ (ਚਿੱਤਰ ਨੰ: 42)	ਸਾਵਧਾਨੀ ਵਰਤੋ ।
2. ਸਟੀਅਰਿੰਗ ਵੀਲ੍ਹ ਤੋਂ ਹੱਥ ਛੱਡ ਕੇ ਟਰੈਕਟਰ ਚਲਾਉਣਾ ।	ਕਦੇ ਵੀ ਸਟੀਅਰਿੰਗ-ਵੀਲ੍ਹ ਤੋਂ ਹੱਥ ਹਟਾ ਕੇ ਨਾ ਚਲਾਉ ।
3. ਚਲਦੇ ਹੋਏ ਟਰੈਕਟਰ ਤੇ ਬੱਚਿਆਂ ਤੇ ਹੋਰ ਬੰਦਿਆਂ ਨੂੰ ਚੜ੍ਹਨ ਦੇਣਾ ।	ਚਲਦੇ ਹੋਏ ਟਰੈਕਟਰ 'ਤੇ ਕਦੇ ਵੀ ਕਿਸੇ ਨੂੰ ਚੜ੍ਹਨ ਨਾ ਦਿਉ ।
4. ਉੱਚੀ ਨੀਵੀਂ ਤੇ ਉਘੜ-ਦੁਘੜੀ ਜ਼ਮੀਨ ਤੇ ਟਰੈਕਟਰ ਬਹੁਤ ਤੇਜ਼ ਰਫ਼ਤਾਰ ਨਾਲ ਚਲਾਉਣਾ ।	ਟਰੈਕਟਰ ਠੀਕ ਰਫ਼ਤਾਰ ਤੇ ਹੀ ਚਲਾਉ ।




ਚਿੱਤਰ 42 : ਹੌਲੀ ਚਲਾਉ ।

ਕਾਰਨ	ਉਪਾਅ
5. ਅਚਾਨਕ ਬਰੇਕਾਂ ਲਾਉਣਾ ।	ਬਰੇਕਾਂ ਹੌਲੀ-ਹੌਲੀ ਲਾਉ ।
6. ਨਸ਼ੇ ਆਦਿ ਦੀ ਹਾਲਤ ਵਿੱਚ ਟਰੈਕਟਰ ਚਲਾਉਣਾ	ਟਰੈਕਟਰ ਚਲਾਉਣ ਲੱਗਿਆਂ ਸ਼ਰਾਬ ਜਾਂ ਕੋਈ ਹੋਰ ਨਸ਼ਾ ਨਾ ਵਰਤੋ ।
7. ਕਲੱਚ-ਪੈਡਲ ਤੋਂ ਇਕ ਦਮ ਪੈਰ ਹਟਾ ਲੈਣਾ ।	ਕਲੱਚ-ਪੈਡਲ ਹੌਲੀ-ਹੌਲੀ ਛੱਡੋ ।
8. ਟਰੈਕਟਰ ਤੇ ਸਾਰਾ ਟੱਬਰ ਲੱਦ ਲੈਣਾ।	ਟ੍ਰੇਲਰ 'ਤੇ ਸਾਰਾ ਟੱਬਰ ਬਿਠਾ ਕੇ ਟਰੈਕਟਰ ਨਾ ਚਲਾਉ ।
9. ਚਾਲਕ ਦਾ ਬਹੁਤ ਜ਼ਿਆਦਾ ਕੰਮ ਕਾਰਨ ਥੱਕੇ ਟੁੱਟੇ ਹੋਣਾ ।	ਲੋੜ ਤੋਂ ਜ਼ਿਆਦਾ ਕੰਮ ਤੋਂ ਬਚੋ ।

ੲ. ਮਕੈਨੀਕਲ ਹਾਦਸੇ

ਕਾਰਨ	ਉਪਾਅ
1. ਕਲੱਚ ਦਾ ਠੀਕ ਕੰਮ ਨਾ ਕਰਨਾ	ਕਲੱਚ ਨੂੰ ਪਹਿਲਾਂ ਹੀ ਚੈੱਕ ਕਰ ਲਉ ।
2. ਬਰੇਕ ਠੀਕ ਨਾ ਲੱਗਣਾ ।	ਬਰੇਕ ਦੀ ਪਹਿਲਾਂ ਹੀ ਜਾਂਚ ਕਰ ਲਉ।
3. ਕਮਜ਼ੋਰ ਜੋੜ-ਕਿੱਲੀਆਂ ਤੇ ਕੜੀਆਂ ਆਦਿ ਵਰਤਣਾ ।	ਉਚਿਤ ਆਕਾਰ ਦੀਆਂ ਮਜ਼ਬੂਤ ਜੋੜ ਕਿੱਲੀਆਂ ਅਤੇ ਕੜੀਆਂ ਵਰਤੋ ।
4. ਅਯੋਗ-ਛੜ ਵਰਤਣਾ ।	ਠੀਕ ਜੋੜ ਛੜ ਵਰਤੋ ।
5. ਟਰੈਕਟਰ ਦੇ ਗੀਅਰ ਵਿੱਚ ਹੋਣ ਤੇ ਹੀ ਸਟਾਰਟ ਕਰਨਾ ।	ਸਟਾਰਟਿੰਗ ਸਵਿੱਚ ਚਾਲੂ ਕਰਨ ਲੱਗਿਆਂ, ਇਹ ਪੱਕਾ ਕਰ ਲਉ ਕਿ ਗੀਅਰ ਨਿਊਟਰਲ ਪੁਜੀਸ਼ਨ 'ਚ ਹੈ।
6. ਘੁੰਮਣ ਵਾਲੇ ਹਿੱਸਿਆਂ ਤੇ ਢੱਕਣ ਦਾ ਨਾ ਵਰਤਣਾ (ਚਿੱਤਰ 43)	ਪੀ ਟੀ ਓ ਸ਼ਾਫ਼ਟ ਅਤੇ ਹੋਰ ਘੁੰਮਣ ਵਾਲੇ ਹਿੱਸਿਆਂ ਉੱਤੇ ਹਮੇਸ਼ਾਂ ਢੱਕਣ ਵਰਤੋ ।



ਚਿੱਤਰ 43 : ਟਰੈਕਟਰ ਦੇ ਬਾਹਰ ਘੁੰਮਣ ਵਾਲੇ ਹਿੱਸਿਆਂ ਤੇ ਢੱਕਣ ਦੀ ਵਰਤੋਂ ਕਰੋ ।

ਕਾਰਨ	ਉਪਾਅ
7. ਟਰੈਕਟਰ ਦੇ ਕੰਟਰੋਲ-ਪੁਰਜ਼ਿਆਂ 'ਚ ਕੋਈ ਨਾ ਕੋਈ ਰੁਕਾਵਟ ਹੋਣਾ ਤੇ ਉਨ੍ਹਾਂ ਦਾ ਠੀਕ ਕੰਮ ਨਾ ਕਰਨਾ ।	ਇਹ ਪੱਕਾ ਕਰ ਲਉ ਕਿ ਕੰਟਰੋਲ-ਪੁਰਜ਼ਿਆਂ ਦੇ ਠੀਕ ਕੰਮ ਕਰਨ ਵਿੱਚ ਕਿਸੇ ਤਰ੍ਹਾਂ ਦੀ ਕੋਈ ਰੁਕਾਵਟ ਨਾ ਹੋਵੇ ।
8. ਟਾਇਰਾਂ ਵਿੱਚ ਹਵਾ ਘੱਟ ਜਾਂ ਵੱਧ ਹੋਣਾ ।	ਟਾਇਰਾਂ ਵਿੱਚ ਹਵਾ ਬਿਲਕੁਲ ਠੀਕ-ਠਾਕ ਰੱਖੋ, ਨਾ ਘੱਟ ਤੇ ਨਾ ਵੱਧ ।
9. ਲਾਈਟਾਂ ਦੀ ਵਰਤੋਂ ਨਾ ਕਰਨਾ ।	ਰਾਤ ਵੇਲੇ ਅਗਲੀਆਂ ਅਤੇ ਪਿਛਲੀਆਂ ਲਾਈਟਾਂ ਜ਼ਰੂਰ ਜਲਾਓ। ਰਫ਼ਤਾਰ ਘੱਟ ਰੱਖੋ ।

ਸ. ਸੜਕ ਉੱਪਰ ਟਰੈਕਟਰ ਹਾਦਸੇ

1. ਬਹੁਤ ਤੇਜ਼ ਚਲਾਉਣਾ ।	ਰਫ਼ਤਾਰ ਘੱਟ ਰੱਖੋ ।
2. ਹਾਰਨ ਨਾ ਵਰਤਣਾ ।	ਹਾਰਨ ਦੀ ਵਰਤੋਂ ਕਰੋ ।
3. ਟ੍ਰੈਫਿਕ ਦੇ ਨਿਯਮਾਂ ਦੀ ਜਾਣਕਾਰੀ ਨਾ ਹੋਣਾ ਅਤੇ ਗਲਤ ਸਾਈਡ ਤੇ ਚਲਾਉਣਾ	ਹਮੇਸ਼ਾਂ ਸੜਕ ਦੇ ਖੱਬੇ ਪਾਸੇ ਚਲਾਓ। ਟ੍ਰੈਫਿਕ ਦੇ ਨਿਯਮਾਂ ਅਤੇ ਸੰਕੇਤਾਂ ਦੀ ਜਾਣਕਾਰੀ ਹਾਸਲ ਕਰਕੇ ਪਾਲਣਾ ਕਰੋ ।
4. ਕਲੱਚ ਅਤੇ ਬਰੇਕ ਦਾ ਠੀਕ ਕੰਮ ਨਾ ਕਰਨਾ	ਪੱਕਾ ਕਰ ਲਓ ਕਿ ਕਲੱਚ ਅਤੇ ਬਰੇਕ ਠੀਕ-ਠਾਕ ਕੰਮ ਕਰ ਰਹੇ ਹਨ ।
5. ਲਾਈਟ ਨਾ ਹੋਣਾ ਜਾਂ ਉਨ੍ਹਾਂ ਦੀ ਵਰਤੋਂ ਨਾ ਕਰਨਾ	ਰਾਤ ਨੂੰ ਹਮੇਸ਼ਾਂ ਲਾਈਟਾਂ ਜਲਾ ਕੇ ਰੱਖੋ ।
6. ਸ਼ਰਾਬ ਦੇ ਨਸ਼ੇ ਵਿੱਚ ਟਰੈਕਟਰ ਚਲਾਉਣਾ	ਕਦੇ ਵੀ ਸ਼ਰਾਬ ਪੀ ਕੇ ਟਰੈਕਟਰ ਨਾ ਚਲਾਓ ।
7. ਪਹੀਆਂ ਦਾ ਘਸੇ ਹੋਏ ਹੋਣਾ ਅਤੇ ਸਲਿੱਪ ਕਰ ਜਾਣਾ ।	ਦੇਖ ਲਓ ਕਿ ਟਾਇਰ ਜ਼ਿਆਦਾ ਘਸੇ ਹੋਏ ਨਾ ਹੋਣ ।
8. ਭਾਰ ਨਾਲ ਲੱਦੀ ਹੋਈ ਟਰਾਲੀ ਨਾਲ ਜੁੜੀ ਹੋਣ ਉੱਤੇ ਵੀ ਤੇਜ਼ ਚਲਾਉਣਾ, ਜਿਸ ਨਾਲ ਅਚਾਨਕ ਖੜ੍ਹਾ ਕਰਨ ਤੇ ਟਰੈਕਟਰ ਅੱਗੇ ਵੱਲ ਧੱਕਿਆ ਜਾਂਦਾ ਹੈ ।	ਜੇ ਟਰੈਕਟਰ ਦੇ ਪਿੱਛੇ ਲੱਦੀ ਹੋਈ ਟਰਾਲੀ ਲੱਗੀ ਹੋਵੇ ਤਾਂ ਵੀ ਵਧੇਰੇ ਤੇਜ਼ ਨਾ ਚਲਾਓ ।

ਕਾਰਨ	ਉਪਾਅ
9. ਟਰੈਕਟਰ ਅਤੇ ਟਰਾਲੀ ਨਾਲ ਰਾਤ ਨੂੰ ਸੜਕ ਉਤੇ ਚਲਾਉਂਦੇ ਸਮੇਂ	ਟਰੈਕਟਰ ਦੇ ਪਿੱਛੇ ਅਤੇ ਟਰਾਲੀ ਪਿੱਛੇ ਘੱਟ ਸਪੀਡ ਵਾਲਾ·ਤਿਕੋਨਾ ਨਿਸ਼ਾਨ ਵਾਲਾ ਰਿਫਲੈਕਟਰ (ਸਲੋ ਮੂਵਿੰਗ ਵਹੀਕਲ ਐਮਬਲਮ) ਦੀ ਵਰਤੋਂ ਕਰੋ।
10. ਟਰੈਕਟਰ-ਟਰਾਲੀ ਨਾਲ ਰੇਲ ਲਾਈਨ ਪਾਰ ਕਰਦੇ ਸਮੇਂ	ਸੱਜੇ ਖੱਬੇ ਜ਼ਰੂਰ ਦੇਖੋ ।
11. ਤੂੜੀ ਜਾਂ ਕਪਾਹ ਦੀਆਂ ਛਿਟੀਆਂ ਦੀ ਢੋਆ-ਢੁਆਈ ਸਮੇਂ	ਟਰਾਲੀ ਨੂੰ ਜ਼ਿਆਦਾ ਚੌੜਾਈ ਵਿੱਚ ਨਾ ਲੱਦੋ ।
12. ਟਰੈਕਟਰ ਟਰਾਲੀ ਨਾਲ ਉੱਚਾ ਪੁਲ ਲੰਘਦੇ ਹੋਏ ।	ਵਿਚਾਲੇ ਗਿਅਰ ਨਾ ਬਦਲੋ ।
13. ਮੋੜਾਂ, ਕੋਨਿਆਂ ਅਤੇ ਚੌਰਾਹਿਆਂ ’ਤੇ ਟਰੈਕਟਰ ਨੂੰ ਇਕਦਮ ਮੋੜ ਲੈਣਾ ।	ਮੋੜਾਂ ਅਤੇ ਚੌਰਾਹਿਆਂ ਆਦਿ ਤੇ ਹੌਲੀ-ਹੌਲੀ ਅਤੇ ਧਿਆਨ ਨਾਲ ਮੋੜੋ।

ਹ. ਸਟਾਰਟ ਕਰਨ ਲੱਗਿਆਂ ਹੋਣ ਵਾਲੇ ਹਾਦਸੇ

1. ਟਰੈਕਟਰ ਦਾ ਗੀਅਰ ਵਿੱਚ ਹੋਣਾ । (ਇੰਜਨ ਨੂੰ ਕਰੈਂਕ ਲਾਉਣ ਵਾਲੇ ਆਦਮੀ ਦਾ ਕਿਸੇ ਕੰਧ ਆਦਿ ਵਿੱਚ ਵੱਜ ਕੇ ਸੱਟਾਂ ਲੁਆ ਬੈਠਣਾ ਜਾਂ ਕੁਚਲੇ ਜਾਣਾ) ।	ਚਲਾਉਣ ਤੋਂ ਪਹਿਲਾਂ ਇਹ ਪੱਕਾ ਕਰ ਲਓ ਕਿ ਗੀਅਰ ਬਦਲਣ ਵਾਲਾ ਲੀਵਰ ਨਿਊਟ੍ਰਲ ਹਾਲਤ ਵਿੱਚ ਹੈ।
2. ਟਰੈਕਟਰ ਦਾ ਗੀਅਰ ਵਿੱਚ ਹੋਣਾ ਅਤੇ ਜ਼ਮੀਨ ਤੇ ਖੜ੍ਹੇ-ਖਲੋਤਿਆਂ ਹੀ ਸਟਾਰਟਿੰਗ ਸਵਿੱਚ ਨੂੰ ਘੁਮਾ ਦੇਣਾ (ਟਰੈਕਟਰ ਦਾ ਪਿੱਛੇ ਜਾਣਾ)	ਇਹ ਪੱਕਾ ਕਰਨ ਤੋਂ ਪਹਿਲਾਂ ਕਿ ਗੀਅਰ ਬਦਲਣ ਵਾਲਾ ਲੀਵਰ ‘ਨਿਊਟਰਲ’ ’ਚ ਹੈ, ਟਰੈਕਟਰ ਨੂੰ ਜ਼ਮੀਨ ਤੇ ਖੜ੍ਹੇ-ਖਲੋਤਿਆਂ ਕਦੇ ਵੀ ਸਟਾਰਟ ਨਾ ਕਰੋ ।

ਕ. ਟਰੈਕਟਰ ਦੀ ਟੈਂਕੀ ਭਰਦਿਆਂ ਅੱਗ ਲੱਗਣ ਦੇ ਹਾਦਸੇ

1. ਡੀਜ਼ਲ-ਤੇਲ ਆਦਿ ਪਾਉਣ ਲੱਗਿਆਂ, ਉਸ ਦਾ ਗਰਮ ਇੰਜਣ ਤੇ ਡੁੱਲ੍ਹ ਜਾਣਾ ਅਤੇ ਅੱਗ ਲੱਗ ਜਾਣਾ ।	ਇਸ ਗੱਲ ਦਾ ਧਿਆਨ ਰੱਖੋ ਕਿ ਤੇਲ ਜਾਂ ਡੀਜ਼ਲ ਗਰਮ ਇੰਜਣ ਤੇ ਨਾ ਡੁੱਲ੍ਹੇ।
2. ਲਾਪਰਵਾਹੀ ਨਾਲ ਡੀਜ਼ਲ ਆਦਿ ਪਾਉਣਾ ਅਤੇ ਡੀਜ਼ਲ ਪਾਉਣ ਵਾਲੇ ਧਾਤ	ਜਿੱਥੋਂ ਤੱਕ ਸੰਭਵ ਹੋਵੇ, ਡੀਜ਼ਲ ਆਦਿ ਪਾਉਣ ਲਈ ਪਲਾਸਟਿਕ ਦਾ ਬਰਤਨ

ਕਾਰਨ	ਉਪਾਅ
ਦੇ ਬਰਤਨ ਦਾ ਬੈਟਰੀ ਜਾਂ ਬਿਜਲੀ ਦਾ ਕਰੰਟ ਲੈ ਜਾਣ ਵਾਲੀਆਂ ਤਾਰਾਂ ਨਾਲ ਛੋਹ ਜਾਣਾ ।	ਹੀ ਵਰਤੋ ਅਤੇ ਪਾਉਣ ਲੱਗਿਆਂ ਸਾਵਧਾਨੀ ਵਰਤੋ ।
3. ਡੀਜ਼ਲ ਪਾਉਣ ਲੱਗਿਆਂ ਸਿਗਰਟ ਬੀੜੀ ਆਦਿ ਪੀਣਾ ।	ਡੀਜ਼ਲ ਪਾਉਣ ਲੱਗਿਆਂ ਸਿਗਰਟ ਬੀੜੀ ਆਦਿ ਨਾ ਪੀਉ ।
ਖ. ਚੱਲਦੇ ਟਰੈਕਟਰ ਕਾਰਨ ਹੋਣ ਵਾਲੇ ਹਾਦਸੇ	
1. ਚੱਲਦੇ ਟਰੈਕਟਰ ਨੂੰ ਤੇਲ ਜਾਂ ਗਰੀਸ ਦੇਣਾ ।	ਇਹ ਗਲਤੀ ਕਦੇ ਨਾ ਕਰੋ ।
2. ਚੱਲਦੇ ਟਰੈਕਟਰ ਦੇ ਕਲ-ਪੁਰਜ਼ਿਆਂ ਨੂੰ ਕੱਸਣਾ ਜਾਂ ਸਾਜ਼-ਸਮਾਨ ਨੂੰ ਠੀਕ ਕਰਨਾ।	ਅਜਿਹਾ ਕਦੇ ਵੀ ਨਾ ਕਰੋ ।
3. ਟਰੈਕਟਰ ਨੂੰ ਰੋਕੇ ਬਿਨਾਂ ਅਤੇ (ਪੀ.ਟੀ.ਓ.) ਨੂੰ ਬੰਦ ਕੀਤੇ ਬਗੈਰ ਸੰਦਾਂ-ਔਜ਼ਾਰਾਂ ਨੂੰ ਪਿੱਛੇ ਕਰਕੇ ਠੀਕ ਕਰਨਾ ।	ਸੰਦਾਂ-ਔਜ਼ਾਰਾਂ ਜਾਂ ਮਸ਼ੀਨ ਨੂੰ ਠੀਕ ਕਰਨ ਜਾਂ ਕੋਈ ਵੀ ਹੋਰ ਕੰਮ ਕਰਨ ਲਈ ਟਰੈਕਟਰ ਨੂੰ ਹਮੇਸ਼ਾਂ ਖੜ੍ਹਾ ਕਰ ਲਓ ਅਤੇ ਪੀ.ਟੀ.ਓ. ਨੂੰ ਬੰਦ ਕਰ ਲਓ ।
4. ਪੀ.ਟੀ.ਓ. ਸ਼ਾਫ਼ਟਾਂ ਨੂੰ ਢੱਕਣ ਤੋਂ ਬਗੈਰ ਹੋਣਾ ।	ਢੱਕਣ ਇਸਤੇਮਾਲ ਕਰੋ ।
5. ਢਿੱਲੇ ਕੱਪੜਿਆਂ ਦਾ ਘੁੰਮਦੀਆਂ ਹੋਈਆਂ ਸ਼ਾਫ਼ਟਾਂ ਜਾਂ ਗਰਾਰੀਆਂ ਵਿੱਚ ਫਸ ਜਾਣਾ।	ਢਿੱਲੇ ਕੱਪੜੇ ਨਾ ਪਾਓ ।

ਵਿਹਲੇ ਪਏ ਟਰੈਕਟਰ ਦੀ ਸੰਭਾਲ

ਵਿਹਲੇ ਪਏ ਟਰੈਕਟਰ ਦੀ ਸੰਭਾਲ ਲਈ ਕਿਸਾਨਾਂ ਨੂੰ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ :

1. ਜੇ ਟਰੈਕਟਰ ਨੂੰ ਕਾਫੀ ਅਰਸੇ ਲਈ ਸ਼ੈੱਡ ਵਿੱਚ ਵਿਹਲਿਆਂ ਰੱਖਣ ਦੀ ਲੋੜ ਹੋਵੇ, ਤਾਂ ਕਰੈਂਕ ਕੇਸ, ਟਰਾਂਸਮਿਸ਼ਨ ਸਿਸਟਮ, ਅੰਤਿਮ ਡਰਾਈਵਾਂ ਅਤੇ ਗੀਅਰ ਕੇਸਾਂ 'ਚੋਂ ਡੀਜ਼ਲ ਤੇ ਤੇਲ ਆਦਿ ਕੱਢ ਕੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰ ਲੈਣਾ ਚਾਹੀਦਾ ਹੈ । ਉਸ ਤੋਂ ਬਾਅਦ ਉਨ੍ਹਾਂ ਨੂੰ ਸਿਫ਼ਾਰਸ਼-ਸ਼ੁਦਾ ਗਰੇਡ ਦੇ ਲੁਬਰੀਕੈਂਟ ਨਾਲ ਭਰ ਲਓ ।

2. ਪਾਣੀ ਨਾਲ ਠੰਡੇ ਕੀਤੇ ਜਾਣ ਵਾਲੇ ਇੰਜਨਾਂ ਦੀ ਹਾਲਤ 'ਚ ਸੀਤਕ ਸਿਸਟਮ ਦਾ ਪਾਣੀ ਵੀ ਬਾਹਰ ਕੱਢ ਦੇਣਾ ਚਾਹੀਦਾ ਹੈ ਅਤੇ ਉਸ ਨੂੰ ਕਿਸੇ ਯੋਗ ਯੋਗਿਕ ਨਾਲ ਖ਼ੂਬ ਚੰਗੀ ਤਰ੍ਹਾਂ ਸਾਫ਼ ਕਰ ਲੈਣਾ ਚਾਹੀਦਾ ਹੈ । ਇੰਜਨ ਦਾ ਬਲਾਕ ਨਿਕਾਸ ਨਾਲੀ ਦੀਆਂ ਟੂਟੀਆਂ ਅਤੇ ਰੇਡੀਏਟਰ ਦੀਆਂ ਟੂਟੀਆਂ ਖੁੱਲ੍ਹੀਆਂ ਰਹਿਣ ਦੇਣੀਆਂ ਚਾਹੀਦੀਆਂ ਹਨ । ਛੇਤੀ ਨਿਕਾਸ ਲਈ ਰੇਡੀਏਟਰ ਦਾ ਢੱਕਣ ਦਾਬਿਤ ਸਿਸਟਮ ਤੇ ਹਟਾ ਦੇਣਾ ਚਾਹੀਦਾ ਹੈ ।

3. ਵਿਹਲੇ ਪਏ ਟਰੈਕਟਰ ਦੀ ਬੈਟਰੀ ਲਾਹ ਦੇਣੀ ਚਾਹੀਦੀ ਹੈ ਅਤੇ ਉਸ ਨੂੰ ਕਿਸੇ ਅਜਿਹੀ ਸੁੱਕੀ ਥਾਂ ਤੇ ਰੱਖ ਦੇਣਾ ਚਾਹੀਦਾ ਹੈ, ਜਿੱਥੇ ਤਾਪਮਾਨ ਦਰਜਾ-ਜਮਾਅ ਤੱਕ ਨਾ ਪੁੱਜੇ । ਜੇਕਰ ਬੈਟਰੀ ਟਰੈਕਟਰ ਦੇ ਨਾਲ ਹੀ ਰਹਿਣ ਦੇਣੀ ਹੋਵੇ, ਤਾਂ ਉਸ ਨੂੰ ਪੂਰੀ ਤਰ੍ਹਾਂ ਚਾਰਜ ਕਰਕੇ ਰੱਖਣਾ ਚਾਹੀਦਾ ਹੈ ਅਤੇ ਇਲੈਕਟ੍ਰੋਲਾਈਟ ਲੈਵਲ ਬੈਟਰੀ ਦੀਆਂ ਪਲੇਟਾਂ ਤੋਂ ਉੱਪਰ ਰੱਖਣਾ ਚਾਹੀਦਾ ਹੈ ।

4. ਜੇ ਕਿਸੇ ਟਰੈਕਟਰ ਨੂੰ ਬਹੁਤ ਲੰਮੇ ਚਿਰ ਤੱਕ ਬੇਕਾਰ ਰੱਖਣਾ ਹੋਵੇ ਤਾਂ ਉਸ ਦੇ ਟਾਇਰਾਂ ਤੋਂ ਭਾਰ ਨੂੰ ਹਟਾਉਣ ਲਈ, ਜੈਕਾਂ ਜਾਂ ਲੱਕੜ ਦੇ ਮੁੱਢਾਂ ਜਾਂ ਬਲਾਕਾਂ ਤੇ ਰੱਖਣਾ ਚਾਹੀਦਾ ਹੈ । ਟਾਇਰਾਂ ਨੂੰ ਧੁੱਪ, ਗਰੀਜ਼ ਤੇ ਨਮੀ ਆਦਿ ਤੋਂ ਬਚਾਉਣਾ ਚਾਹੀਦਾ ਹੈ ।

5. ਬੇਕਾਰ ਪਏ ਟਰੈਕਟਰ ਨੂੰ ਤਰਪਾਲ ਆਦਿ ਨਾਲ ਢੱਕ ਕੇ ਰੱਖਣਾ ਚਾਹੀਦਾ ਹੈ ।

6. ਨਮੀ ਆਦਿ ਤੋਂ ਬਚਾਅ ਲਈ ਏਅਰ-ਫਿਲਟਰ, ਨਿਕਾਸ-ਨਲੀ ਅਤੇ ਕਰੈਂਕ-ਕੇਸ ਬਰੀਦਰ-ਪਾਈਪ ਨੂੰ ਢੱਕ ਕੇ ਰੱਖਣਾ ਚਾਹੀਦਾ ਹੈ ।

ਵਿਹਲੇ ਪਏ ਟਰੈਕਟਰ ਨੂੰ ਮੁੜ ਵਰਤੋਂ ਵਿੱਚ ਲਿਆਉਣ ਵੇਲੇ ਕਰਨ ਯੋਗ ਅਮਲ

ਵਿਹਲੇ ਪਏ ਟਰੈਕਟਰ ਨੂੰ ਮੁੜ ਵਰਤੋਂ ਵਿੱਚ ਲਿਆਉਣਾ ਹੋਵੇ ਤਾਂ ਕਿਸਾਨਾਂ ਨੂੰ ਉਸ ਦੀ ਸਰਵਿਸ ਬਾਰੇ ਹੇਠ ਲਿਖੀਆਂ ਜਰੂਰੀ ਗੱਲਾਂ ਤੇ ਅਮਲ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ :

1. ਕਰੈਂਕ-ਕੇਸ ਬਰੀਦਰ ਪਾਈਪ, ਏਅਰ-ਸਟੈਕ ਅਤੇ ਨਿਕਾਸ ਨਾਲੀ ਤੋਂ ਢੱਕਣ ਆਦਿ ਲਾਹ ਦਿਓ ।

2. ਇੰਜੈਕਟਰ ਇਕ ਇਕ ਕਰਕੇ ਲਾਹ ਦੇਣੇ ਚਾਹੀਦੇ ਹਨ ਅਤੇ ਹਰੇਕ ਸਿਲੰਡਰ ਵਿੱਚ ਥੋੜ੍ਹਾ-ਥੋੜ੍ਹਾ ਇੰਜਨ-ਤੇਲ ਪਾ ਜਾਂ ਛਿੜਕ ਦੇਣਾ ਚਾਹੀਦਾ ਹੈ । ਫਿਰ ਹੱਥ ਨਾਲ ਇੰਜਨ ਨੂੰ ਕਈ ਵਾਰ ਇਧਰ-ਉਧਰ ਉਲਟਾ-ਪੁਲਟਾ ਦੇਣਾ ਚਾਹੀਦਾ ਹੈ, ਤਾਂ ਜੋ ਦਿੱਤੇ ਗਏ ਤੇਲ ਨਾਲ ਪਿਸਟਨ-ਰਿੰਗਾਂ ਢਿੱਲੀਆਂ ਹੋ ਜਾਣ ਅਤੇ ਉਨ੍ਹਾਂ ਨੂੰ ਲੱਗਾ ਜੰਗ ਆਦਿ ਲਹਿ ਜਾਵੇ ।

3. ਵਾਲਵ ਦਾ ਢੱਕਣ ਬਾਹਰ ਕੱਢ ਲੈਣਾ ਚਾਹੀਦਾ ਹੈ ਅਤੇ ਵਾਲਵ ਸੰਯੋਜਕ ਵਿੱਚ ਹਲਕੇ ਵਜ਼ਨ ਦਾ ਇੰਜਨ-ਤੇਲ ਪਾ ਕੇ ਉਸ ਨੂੰ ਸਾਫ਼ ਕਰ ਲੈਣਾ ਚਾਹੀਦਾ ਹੈ। ਹਰੇਕ ਵਾਲਵ ਨੂੰ ਕਿਸੇ ਸੰਦ-ਔਜ਼ਾਰ ਨਾਲ ਥੱਲੇ ਦਬਾ ਕੇ ਦੇਖ ਲੈਣਾ ਚਾਹੀਦਾ ਹੈ ਕਿ ਉਸ ਦੇ ਸਪਰਿੰਗ ਠੀਕ-ਠਾਕ ਕੰਮ ਕਰ ਰਹੇ ਹਨ ਜਾਂ ਨਹੀਂ ।

4. ਕਰੈਂਕ-ਕੇਸ ਵਿੱਚੋਂ ਤੇਲ ਬਾਹਰ ਕੱਢ ਦੇਣਾ ਚਾਹੀਦਾ ਹੈ ਅਤੇ ਸਫ਼ਾਈ-ਤੇਲ ਨਾਲ ਧੋ ਕੇ ਚੰਗੀ ਤਰ੍ਹਾਂ ਸਾਫ਼ ਕਰ ਲੈਣਾ ਚਾਹੀਦਾ ਹੈ । ਫਿਰ ਉਸ ਨੂੰ ਸਿਫ਼ਾਰਸ਼-ਸ਼ੁਦਾ ਗਰੇਡ ਦੇ ਤੇਲ ਨਾਲ, ਨਵੇਂ ਸਿਰਿਉਂ ਭਰ ਲੈਣਾ ਚਾਹੀਦਾ ਹੈ । ਜੇਕਰ ਅਜਿਹਾ ਟਰੈਕਟਰ ਨੂੰ ਸ਼ੈੱਡ ਵਿੱਚ ਰੱਖਣ ਤੋਂ ਪਹਿਲਾਂ ਨਾ ਕੀਤਾ ਗਿਆ ਹੋਵੇ।

5. ਫਿਊਲ-ਸਿਸਟਮ ਦਾ ਰਹਿੰਦ-ਖੂੰਹਦ ਨੂੰ ਸਾਫ਼ ਕਰ ਲੈਣਾ ਚਾਹੀਦਾ ਹੈ । ਜੇਕਰ ਅਜਿਹਾ ਟਰੈਕਟਰ ਨੂੰ ਸਟੋਰ ਵਿੱਚ ਰੱਖਣ ਵੇਲੇ ਨਾ ਕੀਤਾ ਗਿਆ ਹੋਵੇ ।

6. ਟਰੈਕਟਰ ਦੇ ਚੈਸਿਜ਼ ਉਪਰਲੇ ਵੱਖ-ਵੱਖ ਹਿੱਸਿਆਂ ਤੇ ਕਲ-ਪੁਰਜ਼ਿਆਂ ਨੂੰ ਸਿਫ਼ਾਰਸ਼-ਸ਼ੁਦਾ ਗਰੇਡਾਂ ਦੇ ਲੁਬਰੀਕੈਂਟਾਂ (ਤੇਲ ਜਾਂ ਗਰੀਸ) ਨਾਲ ਵਾਝਣਾ ਚਾਹੀਦਾ ਹੈ।

7. ਕਰੈਂਕ-ਕੇਸ, ਪੌਣ-ਸੋਧਕ, ਫਿਊਲ-ਇੰਜੈਕਸ਼ਨ ਪੰਪ ਦਾ ਸੰਪ, ਸੰਚਾਰ ਕੇਸਾਂ ਅਤੇ ਅੰਤਿਮ ਚਾਲਨ ਵਿੱਚ ਤੇਲ ਦਾ ਤਲ ਚੈੱਕ ਕਰ ਲੈਣਾ ਚਾਹੀਦਾ ਹੈ ।

8. ਸੰਚਾਰ ਅਤੇ ਅੰਤਿਮ ਚਾਲਨ ਦਾ ਤੇਲ ਆਦਿ ਬਾਹਰ ਕੱਢ ਕੇ ਉਨ੍ਹਾਂ ਨੂੰ ਮੁੜ ਸਿਫ਼ਾਰਸ਼-ਸ਼ੁਦਾ ਗਰੇਡ ਦੇ ਗੀਅਰ ਲੁਬਰੀਕੈਂਟ ਨਾਲ ਭਰ ਲੈਣਾ ਚਾਹੀਦਾ ਹੈ । ਜੇਕਰ ਅਜਿਹਾ ਟਰੈਕਟਰ ਨੂੰ ਸਟੋਰ ਵਿੱਚ ਰੱਖਣ ਤੋਂ ਪਹਿਲਾਂ ਨਾ ਕੀਤਾ ਗਿਆ ਹੋਵੇ।

9. ਟਰੈਕਟਰ ਨੂੰ ਸ਼ੈੱਡ ਵਿੱਚ ਰੱਖਣ ਵੇਲੇ ਸੀਤਕ ਸਿਸਟਮ ਦੀਆਂ ਉਨ੍ਹਾਂ ਸਾਰੀਆਂ ਨਿਕਾਸ-ਟੂਟੀਆਂ ਨੂੰ ਜੋ ਖੁੱਲ੍ਹੀਆਂ ਛੱਡ ਦਿੱਤੀਆਂ ਗਈਆਂ ਸਨ, ਬੰਦ ਕਰ ਦੇਣਾ ਚਾਹੀਦਾ ਹੈ । ਸੀਤਕ ਸਿਸਟਮ ਵਿੱਚ ਪਾਣੀ ਭਰਨ ਤੋਂ ਪਹਿਲਾਂ ਤਾਪ-ਸਥਾਪੀ ਵਾਲਵ ਦੀ ਜਾਂਚ ਕਰ ਲੈਣੀ ਚਾਹੀਦੀ ਹੈ ਕਿ ਉਹ ਠੀਕ ਤਰ੍ਹਾਂ ਕੰਮ ਕਰ ਰਿਹਾ ਹੈ ਜਾਂ ਨਹੀਂ । ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਜਦੋਂ ਇੰਜਣ ਗਰਮ ਹੋਵੇ ਤਾਂ ਸੀਤਕ-ਸਿਸਟਮ ਵਿੱਚ ਠੰਡਾ ਪਾਣੀ ਨਾ ਪਾਇਆ ਜਾਵੇ ਕਿਉਂਕਿ ਇਸ ਨਾਲ ਇੰਜਨ-ਬਲਾਕ ਦੇ ਫਟਣ ਜਾਂ ਤਰੇੜੇ ਜਾਣ ਦਾ ਡਰ ਰਹਿੰਦਾ ਹੈ ।

10. ਫਿਊਲ-ਟੈਂਕੀ ਤੇ ਲਾਈਨਾਂ ਅਤੇ ਫਿਊਲ-ਫਿਲਟਰਾਂ ਦੀਆਂ ਨਿਕਾਸ-ਟੂਟੀਆਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ ।

11. ਫਿਊਲ-ਟੈਂਕੀ ਨੂੰ ਫਿਊਲ ਨਾਲ ਦੁਬਾਰਾ ਭਰ ਲੈਣਾ ਚਾਹੀਦਾ ਹੈ ।

12. ਟਰੈਕਟਰ ਦੀ ਬੈਟਰੀ ਨੂੰ ਪੂਰੀ ਤਰ੍ਹਾਂ ਚਾਰਜ ਕਰਕੇ ਟਰੈਕਟਰ ਤੇ ਲਾਉਣਾ ਚਾਹੀਦਾ ਹੈ ।

13. ਟਾਇਰਾਂ ਵਿੱਚ ਦੁਬਾਰਾ ਠੀਕ ਹਵਾ ਭਰ ਲੈਣੀ ਚਾਹੀਦੀ ਹੈ ।

14. ਸਟਾਰਟ ਕਰਨ ਤੋਂ ਬਾਅਦ ਕੁਝ ਚਿਰ ਲਈ ਟਰੈਕਟਰ ਨੂੰ ਹੌਲੀ-ਹੌਲੀ ਚਲਾਉਣਾ ਚਾਹੀਦਾ ਹੈ, ਤਾਂ ਜੋ ਭਾਰ ਖਿੱਚਣ ਤੋਂ ਪਹਿਲਾਂ ਨਵਾਂ ਪਾਇਆ ਤੇਲ ਇੰਜਣ ਵਿੱਚ ਪੂਰੀ ਤਰ੍ਹਾਂ ਰਚ-ਮਿਚ ਕੇ ਬਰਾਬਰ ਵੰਡਿਆ ਜਾਏ ।

15. ਜੇ ਟਰੈਕਟਰ ਨੂੰ ਸਟੋਰ ਵਿੱਚ ਰੱਖਣ ਤੋਂ ਪਹਿਲਾਂ ਕਰੈਂਕ ਕੇਸ, ਟ੍ਰਾਂਸਮਿਸ਼ਨ ਤੇ ਅੰਤਿਮ ਚਾਲਨ ਨੂੰ ਖਾਲੀ ਕਰਕੇ ਵਾਝ ਦਿੱਤਾ ਗਿਆ ਹੋਵੇ ਤਾਂ ਉਨ੍ਹਾਂ ਕੇਸਾਂ ਦੇ ਨਿਕਾਸ ਪਲੱਗਾਂ ਨੂੰ ਕੁਝ ਸਮੇਂ ਲਈ ਖੋਲ੍ਹ ਦੇਣਾ ਠੀਕ ਰਹਿੰਦਾ ਹੈ, ਤਾਂ ਜੋ ਜੇ ਕਿਧਰੇ ਕੋਈ ਨਮੀ ਜਮ੍ਹਾ ਹੋ ਗਈ ਹੋਵੇ ਤਾਂ ਉਹ ਨਿਕਲ ਜਾਵੇ ।

ਉੱਪਰ ਦੱਸੀਆਂ ਸਾਵਧਾਨੀਆਂ ਵਰਤਣ ਤੋਂ ਬਾਅਦ ਟਰੈਕਟਰ ਦੀ ਦੁਬਾਰਾ ਵਰਤੋਂ ਸ਼ੁਰੂ ਕੀਤੀ ਜਾ ਸਕਦੀ ਹੈ ।

ਅੰਤਿਕਾ ੳ

ਕਿਸਾਨਾਂ ਦੀ ਵਰਤੋਂ ਲਈ ਟਰੈਕਟਰ ਦੀ ਇਕ ਨਮੂਨਾ ਲੌਗ-ਬੁੱਕ

ਤਾਰੀਖ	ਕੰਮ ਦਾ ਵੇਰਵਾ	ਕਿੰਨਾ ਫਿਊਲ ਵਰਤਿਆ ਗਿਆ			ਕਿੰਨਾ ਤੇਲ ਲੱਗਾ (ਲਿਟਰਾਂ 'ਚ)	ਕਿੰਨੇ ਘੰਟੇ ਕੰਮ	ਲੁਬਰੀਕੇਸ਼ਨ ਅਤੇ ਮੁਰੰਮਤ ਆਦਿ ਦੇ ਖ਼ਰਚ ਦਾ ਵੇਰਵਾ
		ਕੰਮ ਸ਼ੁਰੂ ਕਰਨ ਵੇਲੇ ਮਾਪਕ ਰੀਡਿੰਗ	ਬੰਦ ਕਰਨ ਵੇਲੇ ਮਾਪਕ ਦੀ ਰੀਡਿੰਗ	ਕਿੰਨੇ ਲਿਟਰ			

ਨੋਟ : ਜੇ ਟਰੈਕਟਰ ਵਿੱਚ ਫਿਊਲ-ਗੇਜ ਨਾ ਹੋਵੇ, ਤਾਂ ਟਰੈਕਟਰ ਨੂੰ ਕਿਸੇ ਪੱਧਰੀ ਤੇ ਇਕਸਾਰ ਥਾਂ ਤੇ ਖੜ੍ਹਾ ਕਰਕੇ ਡੋਬ-ਛੜ ਨਾਲ, ਇਹ ਪਤਾ ਕਰ ਲੈਣਾ ਚਾਹੀਦਾ ਹੈ ਕਿ ਟੈਂਕੀ ਵਿੱਚ ਕਿੰਨਾ ਕੁ ਫਿਊਲ ਹੈ ।

ਅੰਤਿਕਾ ਅ

ਟਰੈਕਟਰ-ਮਾਲਕ ਪਾਸ ਹੇਠ ਲਿਖੇ ਸੰਦ-ਔਜ਼ਾਰ ਹੋਣੇ ਜ਼ਰੂਰੀ ਹਨ

ੳ. ਵਰਕਸ਼ਾਪ ਟੂਲ

ਟਰੈਕਟਰ ਦੀ ਮੁਰੰਮਤ ਆਦਿ ਲਈ ਹਰੇਕ ਟਰੈਕਟਰ-ਮਾਲਕ ਜਾਂ ਟਰੈਕਟਰ ਚਾਲਕ ਪਾਸ ਹੇਠ ਲਿਖੇ ਸੰਦ-ਔਜਾਰਾਂ ਦੀ ਕਿੱਟ ਜ਼ਰੂਰ ਹੋਣੀ ਚਾਹੀਦੀ ਹੈ । ਇਹ ਟੂਲ ਬਹੁਤ ਹੀ ਜ਼ਰੂਰੀ ਹਨ :

1. 10 ਤੋਂ 30 ਸੈਂਟੀਮੀਟਰ ਸਾਈਜ਼ਾਂ ਦਾ ਇਕ ਪੇਚਕਸ ਬਰਮਾ
2. ਸੰਨ੍ਹੀ 20 ਸੈਂਟੀਮੀਟਰ ਸਾਈਜ਼
3. ਪਲਾਸ, 15 ਸੈਂਟੀਮੀਟਰ ਸਾਈਜ਼
4. ਹਥੌੜਾ 2 ਪੌਂਡ ਭਾਰ ਦਾ
5. 10 ਮਿਲੀਮੀਟਰ ਤੋਂ 30 ਮਿਲੀਮੀਟਰ ਸਾਈਜ਼ਾਂ ਦੇ ਦੋਹਾਂ ਸਿਰਿਆਂ ਤੋਂ ਕਸਣ ਵਾਲੇ ਪੇਚਕਸਾਂ ਦਾ ਇੱਕ ਸੈੱਟ
6. 30 ਸੈਂਟੀਮੀਟਰ ਸਾਈਜ਼ ਦੀ ਸਾਫ਼ ਰੇਤੀ
7. 30 ਸੈਂਟੀਮੀਟਰ ਸਾਈਜ਼ ਦੀ ਰੇਤੀ
8. ਛੈਣੀ, 20 ਸੈਂਟੀਮੀਟਰ ਸਾਈਜ਼ ਦੀ
9. ਸੈਂਟਰ ਪੰਚ, 10 ਸੈਂਟੀਮੀਟਰ ਸਾਈਜ਼ ਦਾ
10. ਪਿੰਨ-ਪੰਚ, 10 ਸੈਂਟੀਮੀਟਰ ਸਾਈਜ਼ ਦਾ
11. ਛੋਟਾ-ਵੱਡਾ ਹੋਣ ਵਾਲਾ ਪੇਚ-ਰੈਂਚ, 20 ਸੈਂਟੀਮੀਟਰ ਸਾਈਜ਼ ਦਾ
12. ਟੋਹ-ਮਾਪਕ (ਫੀਲਰ-ਗੇਜ਼)
13. (ਝਾਵਾਂ ਕਾਗਜ਼) ਐਮਰੀ ਪੇਪਰ
14. ਇਕ ਐਲੇਨ-ਕੀ ਸੈੱਟ
15. ਟੂਲ ਕਸਣ ਵਾਲੇ ਪੇਚ ਕਸਾਂ ਦਾ ਸੈੱਟ (132 ਮਿਲੀਮੀਟਰ ਤੋਂ 30 ਮਿਲੀਮੀਟਰ ਸਾਈਜ਼)
16. ਰਿੰਗ-ਕਸਾਂ ਦਾ ਸੈੱਟ
17. ਪਾਈਪ ਰੈਂਚ, 30 ਸੈਂਟੀਮੀਟਰ ਸਾਈਜ਼
18. ਟੇਪ (ਪੱਟਾ) 33 ਸੈਂਟੀਮੀਟਰ ਸਾਈਜ਼
19. ਲੋਹ-ਆਰੀ 3-ਸੈਂਟੀਮੀਟਰ ਸਾਈਜ਼
20. ਕਟਿੰਗ-ਪਲਾਸ, 20 ਸੈਂਟੀਮੀਟਰ ਸਾਈਜ਼ ।

ਅ. ਹੋਰ ਕੰਮ ਆਉਣ ਵਾਲੇ ਟੂਲ

1. ਜੋੜ ਜਾਂ ਟਾਂਕਾ ਲਾਉਣ ਵਾਲੀ ਮਸ਼ੀਨ
2. ਗਰਮ-ਜੋੜ, ਗਰਮ ਟਾਂਕੇ
3. ਇਕ ਬੈਟਰੀ ਹਾਈਡਰੋਮੀਟਰ
4. ਇਕ ਬੈਟਰੀ ਸੈੱਲ-ਟਾਸਟਰ
5. ਇਕ ਨੋਜ਼ਲ (ਟੂਟੀਆਂ) ਟੈਸਟਰ
6. ਟਾਇਰਾਂ ਦੀ ਹਵਾ ਮਾਪਣ ਵਾਲਾ ਆਲਾ
7. ਪੇਚ ਜਾਂ ਹਾਈਡਰਾਲਿਕ ਜੈਕ
8. ਫੁੱਟ-ਪੰਪ

Punjab Agricultural University
Ludhiana

ISBN 978-93-86267-05-4

978-93-86267-05-4

₹ 15/-

www.pau.edu